# ਅੰਮ੍ਰਿਤ ਕੀਰਤਨ

## ਜਨਵਰੀ 2018

ਖਿਆਲ ਪਾਤਿਸ਼ਾਹੀ ੧੦॥

ਮਿਤ੍ਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ॥

ਤੁਧੁ ਬਿਨੁ ਰੋਗੁ ਰਜਾਈਆਂ ਦਾ
ਓਢਣ
ਨਾਗ ਨਿਵਾਸਾਂ ਦੇ ਰਹਿਣਾ॥

ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ॥

ਯਾਰੜੇ ਦਾ ਸਾਨੂੰ ਸੱਥਰੁ ਚੰਗਾ
ਭੱਠ ਖੇੜਿਆਂ ਦਾ ਰਹਿਣਾ॥



**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-

## ਦੋਸ਼ ਕਾਹਨੂੰ ਫਿਰ ਸਾਡੇ ਤੇ?



ਕਰਨ ਕਰਾਵਨ ਵਾਲਾ ਆਪੇ,
ਦੋਸ਼ ਕਾਹਨੂੰ ਫਿਰ ਸਾਡੇ ਤੇ?
ਮਾਰ ਚਪੇੜ ਮੂੰਹ ਭੰਨ ਦੇਵੇ,
ਦੋਸ਼ ਨਾ ਦੇਈਏ ਡਾਢੇ ਤੇ।
ਇਹ ਬੁਝਾਰਤ ਬੁੱਝਣ ਵਾਲੀ,
ਸਾਡੀ ਸਮਝ ਨ ਆਵੇ।
ਮਾਲਕ ਖੇਤ ਵੱਢੇ ਜਦ ਆਪੂੰ,
ਦੋਸ਼ ਕਿਉਂ ਫਿਰ ਸਾਡੇ ਤੇ?

## दोष काहनूं फिर साडे ते?

करन करावन वाला आपे,
दोष क्यों फिर साडे ते?
मार चपेड़ मूंह भन देवे,
दोष न देईये डाढे ते।
इह बुझारत बुझण वाली,
साडी समझ न आवे।
मालिक खेत वढे जद आपूं,
दोष क्यों फिर साडे ते?

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

## ਸੰਪਾਦਕ (ਆਨਰੇਰੀ)
## ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਧਾਰਮਿਕ ਅਧਿਐਨ), ਪੀਐਚ.ਡੀ.

## ਸਹਿਯੋਗੀ
## ਸ. ਹਰਭਜਨ ਸਿੰਘ ਅਤੇ ਨਵਤੇਜ ਸਿੰਘ


- ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ 30 £ , ਜੀਵਨ ਮੈਂਬਰ ਚੰਦਾ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com
Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


| | |
|---|---|
| ਮਿੱਤਰ ਅਸਾਡੜੇ ਸੇਈ | 2 |
| ਸੰਪਾਦਕੀ: ਕਰਉ ਬੇਨੰਤੀਆ: ਲੋੜੇ ਦਾਖ ਬਿਜੌਰੀਆਂ | 3 |
| ਗੁਰਮਤ ਸੰਗੀਤ ਦੇ ਆਰੰਭਲੇ ਰਚਨਾਕਾਰ – ਡਾ. ਗੁਰਨਾਮ ਸਿੰਘ | 4 |
| ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ - ਡਾ. ਜਾਗੀਰ ਸਿੰਘ | 7 |
| Sadh Sangat and Kirtan - S. Makhan Singh | 16 |
| ਸੁਰਲਿਪੀ - ਰਾਗ ਬਸੰਤ | 20 |


### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240 ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order at the address: AMRIT KIRTAN TRUST (Regd.), 422, Sector 15-A, Chandigarh-160015

# ✉ ਮਿਤ੍ਰ ਅਸਾਡੜੇ ਸੇਈ

ਜੂਨ 17 ਦੇ ਅੰਕ ਵਿਚ ਤੁਹਾਡੇ ਵਲੋਂ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਜੁਲਾਈ 17 ਤੋਂ ਤੁਸੀਂ ਇਹ ਪੱਤ੍ਰਿਕਾ ਬੰਦ ਕਰ ਰਹੇ ਹੋ ਤੇ ਸਿਰਫ਼ ਵੈਬਸਾਈਟ ਤੇ ਜੀ ਪੜ੍ਹੀ ਜਾ ਸਕੇਗੀ। ਮੇਰੀ ਜਾਚੇ, ਇਹ ਸਹੀ ਨਹੀਂ ਹੈ, ਕਿਉਂਕਿ ਮੇਰੇ ਜਿਹੇ ਅਣਗਿਣਤ ਪਾਠਕ ਅਜਿਹੇ ਹੋਣਗੇ, ਜਿਹੜੇ ਸਿਰਫ਼ ਪ੍ਰਿੰਟ ਮੀਡੀਆ (ਹਾਰਡ ਕਾਪੀ) ਤੋਂ ਹੀ ਪਰਿਚਿਤ ਹਨ ਤੇ ਸਾਡੇ ਵਰਗਿਆਂ ਲਈ ਇੱਕ ਅਨਮੋਲ/ਦੁਰਲੱਭ ਜਾਣਕਾਰੀ ਤੋਂ ਮਹਿਰੂਮ ਹੋਣਾ ਦੁਖਦਾਈ ਹੋਵੇਗਾ। ਤੁਸੀਂ ਆਪਣੇ ਐਲਾਨ ਤੇ ਮੁੜ ਵਿਚਾਰ ਕਰੋ ਤੇ ਇਹ ਕਾਰਜ ਪ੍ਰਿੰਟ ਮੀਡੀਆ ਰਾਹੀਂ ਜਾਰੀ ਰੱਖਣ ਦੀ ਕੋਸ਼ਿਸ਼ ਕਰੋ। ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਤੁਸੀਂ ਇਸ ਵਿਚ ਜ਼ਰੂਰ ਸਫ਼ਲ ਹੋਵੋਗੇ।

ਪ੍ਰੋ: ਨਵ ਸੰਗੀਤ ਸਿੰਘ
ਦਮਦਮਾ ਸਾਹਿਬ (ਬਠਿੰਡਾ)
94176-92015

ਪਿਆਰੇ ਡਾਕਟਰ ਸਾਹਿਬ, ਅੰਮ੍ਰਿਤ ਕੀਰਤਨ ਵੈੱਬ ਸਾਈਟ ਤੇ ਪੜ੍ਹਦੇ ਤਾਂ ਹਾਂ ਪਰ ਤਸੱਲੀ ਜਿਹੀ ਨਹੀਂ ਹੁੰਦੀ। ਤੁਸੀਂ ਕਿਰਪਾ ਕਰਕੇ ਮੁੜ ਇਸ ਨੂੰ ਪ੍ਰਿੰਟ ਕਰਕੇ ਭੇਜਣ ਦੀ ਖੇਚਲ ਕਰੋ। ਇਸ ਬਾਰੇ ਜੇ ਕੋਈ ਸਾਡੇ ਲਾਇਕ ਸੇਵਾ ਹੋਵੇ ਤਾਂ ਦੱਸਣ ਤੋਂ ਸੰਕੋਚ ਨਾ ਕਰਨਾ।

**ਭਾਗੇਂਦਰ ਸਿੰਘ ਜੋਗਿੰਦਰ ਨਗਰ**

ਸੰਪਾਦਕ ਜੀ, ਆਪ ਜੀ ਦੇ ਧਿਆਨ ਵਿੱਚ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅੰਮ੍ਰਿਤ ਕੀਰਤਨ ਦੇ ਬਹੁਤੇ ਪਾਠਕ ਸਾਡੇ ਵਾਂਗ ਵਡੇਰੀ ਉਮਰ ਦੇ ਹਨ ਜਿਹੜੇ ਕੰਪਿਊਟਰ ਦੀ ਬਹੁਤੀ ਜਾਣਕਾਰੀ ਨਹੀਂ ਰਖਦੇ। ਇਸ ਲਈ ਜੇ ਇਸਨੂੰ ਮੁੜ ਪ੍ਰਿੰਟ ਕਰਵਾਕੇ ਭੇਜਣਾ ਸ਼ੁਰੂ ਕਰ ਸਕੋ ਤਾਂ ਬਹੁਤ ਧੰਨਵਾਦੀ ਹੋਵਾਂਗੇ।

**ਮਿਸਜ਼ ਅਤੇ ਪ੍ਰੋਫੈਸਰ ਹਰਕਿਸ਼ਨ ਸਿੰਘ ਮਹਿਤਾ**

ਆਦਰਯੋਗ ਡਾਕਟਰ ਸਾਹਿਬ, ਅੰਮ੍ਰਿਤ ਕੀਰਤਨ ਦਾ ਗੁਰਮਤਿ ਸੰਗੀਤ ਵਿੱਚ ਵਿਸ਼ੇਸ਼ ਸਥਾਨ ਹੈ। ਇਸ ਰਾਹੀਂ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਜਿਥੇ ਪ੍ਰਕਾਸ਼ਿਤ ਸਮੱਗਰੀ ਰਾਹੀਂ ਅਗਵਾਈ ਪ੍ਰਾਪਤ ਹੁੰਦੀ ਹੈ ਉਥੇ ਵਿਦਿਆਰਥੀਆਂ ਵੱਲੋਂ ਲਿਖੇ ਜਾਂਦੇ ਲੇਖ ਪ੍ਰਕਾਸ਼ਿਤ ਹੁੰਦੇ ਹਨ ਤਾਂ ਉਹਨਾਂ ਦੀ ਹੌਸਲਾ ਅਫਜ਼ਾਈ ਵੀ ਹੁੰਦੀ ਹੈ। ਆਸ ਹੈ, ਆਪ ਜੀ ਅੰਮ੍ਰਿਤ ਕੀਤਰਨ ਨੂੰ ਪੇਪਰ ਤੇ ਛਾਪਣ ਦੀ ਕਿਰਪਾ ਕਰੋਗੇ।

**ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਆਪ ਜੀ ਦੇ ਵਿਦਿਆਰਥੀ।**

ਕਰਉ ਬੇਨੰਤੀਆ

# ਲੋੜੈ ਦਾਖ ਬਿਜੌਰੀਆਂ

ਪਿਛੇ ਜਿਹੇ ਅੰਗਰੇਜ਼ੀ ਦਾ ਇੱਕ ਕਥਨ ਪੜ੍ਹਿਆ- Whatever you give to life, it gives you back. Do not hate anybody. The hatred that comes out of you, will someday come back to you. Love others and love will come back. ਸਿਆਣੇ ਆਖਦੇ ਹਨ ਕੁਦਰਤ ਦਾ ਅਸੂਲ ਹੈ ਜੋ ਵੀ ਤੁਸੀਂ ਇਸ ਨੂੰ ਦਿੰਦੇ ਹੋ ਉਹ ਕਈ ਗੁਣਾ ਵਾਪਸ ਮਿਲਦਾ ਹੈ। ਰਾਵਿੰਦਰ ਨਾਥ ਟੈਗੋਰ ਜੀ ਦੀ ਇੱਕ ਕਹਾਣੀ ਯਾਦ ਆਉਂਦੀ ਹੈ-

ਇੱਕ ਭਿਖਾਰੀ ਘਰੋਂ ਭੀਖ ਮੰਗਣ ਲਈ ਨਿਕਲਿਆ।ਥੋਹੜੀ ਦੇਰ ਬਾਅਦ ਉਸ ਨੂੰ ਰਾਜਾ ਦੀ ਸਵਾਰੀ ਆਉਂਦੀ ਦਿਸੀ। ਉਸ ਨੇ ਸੋਚਿਆ ਅੱਜ ਤਾਂ ਬਹੁਤ ਭੀਖ ਮਿਲੇਗੀ। ਰਾਜਾ ਜਦੋਂ ਉਸ ਕੋਲ ਆਇਆ ਤਾਂ ਉਹ ਆਪ ਭਿਖਾਰੀ ਕੋਲੋਂ ਭੀਖ ਮੰਗਣ ਲੱਗ ਪਿਆ। ਅਸਲ ਵਿੱਚ ਉਸ ਰਾਜ ਵਿੱਚ ਬਹੁਤ ਵੱਡਾ ਸੰਕਟ ਆਇਆ ਹੋਇਆ ਸੀ। ਜੋਤਸ਼ੀਆਂ ਨੇ ਦੱਸਿਆ ਸੀ ਕਿ ਇਹ ਸੰਕਟ ਤਾਂ ਹੀ ਟਲ ਸਕਦਾ ਹੈ ਜੇ ਰਾਜਾ ਇਕਾਦਸ਼ੀ ਵਾਲੇ ਦਿਨ ਘਰੋਂ ਨਿਕਲੇ ਅਤੇ ਜੋ ਵੀ ਪਹਿਲਾ ਬੰਦਾ ਉਸ ਨੂੰ ਮਿਲੇ ਰਾਜਾ ਉਸ ਕੋਲੋਂ ਭੀਖ ਮੰਗੇ। ਰਾਜੇ ਨੇ ਭਿਖਾਰੀ ਨੂੰ ਕਿਹਾ ਕਿ ਜੋ ਵੀ ਉਹ ਭਿਖਿਆ ਦੇਵੇਗਾ ਰਾਜੇ ਨੂੰ ਪ੍ਰਵਾਨ ਹੋਵੇਗੀ। ਭਿਖਾਰੀ ਦੇ ਡੱਬੇ ਵਿੱਚ ਕੁਝ ਚਾਵਲਾਂ ਦੇ ਦਾਣੇ ਸਨ। ਭਿਖਾਰੀ ਉਹ ਵੀ ਨਹੀਂ ਸੀ ਦੇਣਾ ਚਾਹੁੰਦਾ। ਕਿਥੇ ਤਾਂ ਭਿਖਾਰੀ ਨੂੰ ਆਸ ਸੀ ਅੱਜ ਉਸ ਨੂੰ ਰਾਜੇ ਕੋਲੋਂ ਚੰਗੀ ਚੋਖੀ ਭੀਖ ਮਿਲਣੀ ਸੀ ਅਤੇ ਕਿਥੇ ਜਿਹੜੇ ਥੋਹੜੇ ਜਿਹੇ ਦਾਣੇ ਹਨ ਉਹ ਵੀ ਉਸ ਨੂੰ ਦੇਣੇ ਪੈ ਰਹੇ ਹਨ। ਭਿਖਾਰੀ ਨੇ ਬੜੇ ਟੁੱਟੇ ਹੋਏ ਮਨ ਨਾਲ ਦੋ ਚਾਵਲਾਂ ਦੇ ਦਾਣੇ ਰਾਜੇ ਨੂੰ ਦੇ ਦਿੱਤੇ। ਰਾਜਾ ਇਹ ਭੀਖ ਲੈ ਕੇ ਚਲਾ ਗਿਆ। ਉਸ ਦਿਨ ਭਿਖਾਰੀ ਸਾਰਾ ਦਿਨ ਕੁੜ੍ਹਦਾ ਰਿਹਾ। ਹਾਲਾਂ ਕਿ ਉਸ ਨੂੰ ਹਰ ਰੋਜ਼ ਨਾਲੋਂ ਵਧੇਰੇ ਭੀਖ ਮਿਲੀ। ਸ਼ਾਮ ਨੂੰ ਜਦੋਂ ਘਰ ਗਿਆ ਤਾਂ ਉਸ ਨੇ ਦੁਖੀ ਮਨ ਨਾਲ ਸਾਰੀ ਵਿਥਿਆ ਆਪਣੀ ਪਤਨੀ ਨੂੰ ਸੁਣਾਈ। ਜਦੋਂ ਉਸ ਨੇ ਭਿਖਿਆ ਗਿਣਨ ਲਈ ਆਪਣਾ ਡੱਬਾ ਉਲਟਿਆ, ਤਾਂ ਬਾਕੀ ਭੀਖ ਨਾਲ ਉਸ ਦੇ ਚੌਲਾਂ ਦੇ ਦਾਣੇ ਵੀ ਬਾਹਰ ਆ ਗਏ। ਕੀ ਵੇਖਦੇ ਹਨ ਕਿ ਉਹਨਾਂ ਦਾਣਿਆਂ ਵਿੱਚ ਦੋ ਦਾਣੇ ਸੋਨੇ ਦੇ ਸਨ। ਹੁਣ ਭਿਖਾਰੀ ਹੋਰ ਦੁਖੀ ਹੋ ਗਿਆ ਕਿ ਜੇ ਮੈਨੂੰ ਪਤਾ ਹੁੰਦਾ ਕਿ ਮੇਰੇ ਦਾਨ ਵਿੱਚ ਦਿੱਤੇ ਦਾਣਿਆਂ ਨੇ ਸੋਨੇ ਦੇ ਦਾਣੇ ਬਣ ਜਾਣਾ ਹੈ ਤਾਂ ਮੈਂ ਸਾਰੇ ਦਾਣੇ ਹੀ ਦੇ ਦਿੰਦਾ। ਆਮ ਤੌਰ ਤੇ ਸਾਡੇ ਕੀਤੇ ਚੰਗੇ ਅਤੇ ਮੰਦੇ ਕਰਮਾਂ ਦਾ ਫਲ ਸਾਨੂੰ ਉਸੇ ਵੇਲੇ ਪ੍ਰਾਪਤ ਨਹੀਂ ਹੁੰਦਾ ਇਸ ਲਈ ਅਸੀਂ ਬਿਨਾ ਫਲ ਦਾ ਧਿਆਨ ਦਿੱਤੇ ਕਰਮ ਕਰੀ ਜਾਂਦੇ ਹਾਂ। ਪਰ ਇਹ ਸੱਚ ਹੈ ਫਲ ਪ੍ਰਾਪਤ ਜ਼ਰੂਰ ਹੁੰਦਾ ਹੈ। ਇਸੇ ਲਈ ਬਾਬਾ ਫਰੀਦ ਜੀ ਠੀਕ ਫਸਲ ਬੀਜਣ ਲਈ ਆਖਦੇ ਹਨ-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ।
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ।
ਗੁਰੂ ਸਾਹਿਬਾਨ ਨੇ ਸਾਨੂੰ ਸੁਚੇਤ ਕਰਨ ਲਈ ਕਿਹਾ ਹੈ -
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੇ ਸਜਾਇ।।
ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।
ਗੁਰਬਾਣੀ ਹਰ ਕਾਰਜ ਸੋਚ ਸਮਝ ਕੇ ਕਰਨ ਦਾ ਉਪਦੇਸ਼ ਦਿੰਦੀ ਹੈ-
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।
ਐਸਾ ਕੰਮ ਮੂਲੇ ਨ ਕੀਚੈ ਜਿਤ ਅੰਤਿ ਪਛੋਤਾਈਐ।

ਨਵਾਂ ਸਾਲ ਚੜ੍ਹ ਗਿਆ ਇਸ ਸਾਲ ਵਿੱਚ ਕੁਝ ਸਾਰਥਕ ਕੰਮ ਕਰਨ ਦਾ ਫ਼ੈਸਲਾ ਕਰੀਏ ਕੋਈ ਭੈੜੀ ਆਦਤ ਛੱਡਣ ਦਾ ਮੰਨ ਬਣਾਈਐ। ਸਿਆਣੇ ਆਖਦੇ ਨੇ ਭੈੜੀ ਆਦਤ ਸਿੱਖਣੀ ਬਹੁਤ ਸੌਖੀ ਹੁੰਦੀ ਹੈ ਪਰ ਇਸ ਨਾਲ ਜ਼ਿੰਦਗੀ ਔਖੀ ਹੋ ਜਾਂਦੀ ਹੈ ਅਤੇ ਚੰਗੀ ਆਦਤ ਸਿੱਖਣੀ ਔਖੀ ਹੁੰਦੀ ਹੈ ਪਰ ਇਸ ਨਾਲ ਜ਼ਿੰਦਗੀ ਸੌਖੀ ਹੋ ਜਾਂਦੀ ਹੈ। ਭੁੱਲ ਚੁੱਕ ਖਿਮਾ......



---

# ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰ

***ਗੁਰਨਾਮ ਸਿੰਘ (ਡਾ.)**

ਗੁਰਮਤਿ ਸੰਗੀਤ ਦੇ ਵਿਕਾਸ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਵੱਖ-ਵੱਖ ਉੱਦਮੀ ਅਤੇ ਵਿਦਵਾਨ ਗੁਰਮਤਿ ਸੰਗੀਤਕਾਰਾਂ ਦੇ ਮਨ ਵਿਚ ਇਹ ਉਤਸ਼ਾਹ ਸੀ ਕਿ ਉਹ ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੇ ਕੀਰਤਨ ਖਜ਼ਾਨੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਸੁਰੱਖਿਅਤ ਰਖ ਸਕਣ ਅਤੇ ਸਿਖਲਾਈ ਦਾ ਵੀ ਕੋਈ ਵਿਉਂਤਬੱਧ ਤਰੀਕਾ ਹੋ ਸਕੇ। ਇਸ ਮੰਤਵ ਦੀ ਪੂਰਤੀ ਲਈ ਸ਼ਬਦ ਕੀਰਤਨ ਰਚਨਾਕਾਰਾਂ ਦੁਆਰਾ ਸ਼ਬਦ ਕੀਰਤਨ ਨੂੰ ਸੁਰਲਿਪੀ ਬੱਧ ਕਰਨ ਦੀ ਪਰੰਪਰਾ ਸ਼ੁਰੂ ਹੋਈ। ਇਹ ਪਰੰਪਰਾ ਭਾਰਤੀ ਸੰਗੀਤ ਵਿਚ ਸੁਰਲਿਪੀ ਬੱਧ ਕਰਨ ਦੀ ਪਰੰਪਰਾ ਦੇ ਸਮਾਨੰਤਰ ਹੀ ਆਰੰਭ ਹੋਈ। ਕਿਉਂ ਜੋ ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਨੇ ਜੋ ਸੁਰਲਿਪੀ ਪ੍ਰਯੋਗ ਕੀਤੀ, ਉਹ ਪੰਡਤ ਵਿਸ਼ਨੂ ਨਾਰਾਇਣ ਭਾਤਖੰਡ ਜਾਂ ਪੰਡਤ ਵਿਸ਼ਨੂ ਦਿਗੰਬਰ ਪਲੂਸਕਰ ਦੀ ਸੁਰਲਿਪੀ ਨਾ ਹੋ ਕੇ ਇਨ੍ਹਾਂ ਵਿਦਵਾਨਾਂ ਦੁਆਰਾ ਮੌਲਿਕ ਸਰੂਪ ਰਖਦੀ ਸੀ। ਭਾਵੇਂ ਕਿ ਇਨ੍ਹਾਂ ਵਿਦਵਾਨਾਂ ਦੀਆਂ ਇਹ ਸੁਰਲਿਪੀ ਪੱਧਤੀਆਂ ਪ੍ਰਚਾਰ ਵਿਚ ਨਹੀਂ ਆਈਆਂ ਪਰ ਸੁਰਲਿਪੀ ਦੇ ਵਿਕਾਸ ਦਾ ਹਿੱਸਾ ਜ਼ਰੂਰ ਹਨ।

ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਰਚਨਾਵਾਂ ਦਾ ਸੁਰਲਿਪੀ ਬੱਧ ਕਾਰਜ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਸ਼ੁਰੂ ਹੋਇਆ। ਇਸ ਦੇ ਆਰੰਭਲੇ ਸ਼ਬਦ ਕੀਰਤਨ ਰਚਨਾਕਾਰ ਮਾਸਟਰ ਸੁੰਦਰ ਸਿੰਘ, ਰਾਗੀ ਭਾਈ ਪ੍ਰੇਮ ਸਿੰਘ, ਰਵੇਲ ਸਿੰਘ ਕੰਵਰ, ਮਾਸਟਰ ਸੁੰਦਰ ਸਿੰਘ ਸੀ ਜੋ ਕਿ ਵੀਹਵੀਂ ਸਦੀ ਦੇ ਅਰਧ ਤੱਕ ਨਿਰੰਤਰ ਗਤੀਸ਼ੀਲ ਰਹੇ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿੱਚ ਮਾਸਟਰ ਸੁੰਦਰ ਸਿੰਘ ਦਾ ਨਾਮ ਸਰਬ ਪ੍ਰਥਮ ਉਜਾਗਰ ਹੁੰਦਾ ਹੈ। ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਖੇਤਰ ਵਿੱਚ

ਆਪ ਦੀ ਲਿਖਤ ਪੁਸਤਕ 'ਗੁਰਮਤ ਸੰਗੀਤ' ਵਿਸ਼ੇਸ਼ ਹੈ। ਇਸ ਪੁਸਤਕ ਵਿਚ ਆਪ ਵਲੋਂ ਸ਼ਬਦ ਕੀਰਤਨ ਰਚਨਾਵਾਂ ਦਾ ਸੰਗ੍ਰਹਿ ਕੀਤਾ ਗਿਆ ਹੈ। 1913 ਵਿਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਇਸ ਪੁਸਤਕ ਵਿਚ ਮਾਸਟਰ ਸੁੰਦਰ ਸਿੰਘ ਵਲੋਂ ਮੌਲਿਕ ਸੁਰਲਿਪੀ ਜੋ ਗੁਰਮਤਿ ਸੰਗੀਤ ਦੇ ਖੇਤਰ ਵਿਚ ਪਹਿਲੀ ਵਾਰ ਕਿਸੇ ਵਿਦਵਾਨ ਵਲੋਂ ਅਪਣਾਈ ਗਈ, ਵਿਦਮਾਨ ਹੈ। ਪੁਸਤਕ ਦਾ ਮਨੋਰਥ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਿਆ ਘਰ ਬੈਠੇ ਮੁਹੱਈਆ ਕਰਵਾਉਣਾ ਸੀ। ਰਚਨਾਕਾਰ ਦੁਆਰਾ ਆਪਣੀ ਉਕਤ ਕ੍ਰਿਤ ਵਿਚ ਸੰਗੀਤ ਦੀ ਮੁਢਲੀ ਜਾਣਕਾਰੀ, ਰਾਗ ਅਤੇ ਹਾਰਮੋਨੀਅਮ ਬਾਰੇ ਵਿਸ਼ੇਸ਼ ਜਾਣਕਾਰੀ, ਸੁਰਾਂ ਨੂੰ ਨਕਸ਼ੇ ਅਨੁਸਾਰ ਦਰਸਾਉਣਾ, ਵੱਖ-ਵੱਖ ਗਿਆਰਾਂ ਤਾਲਾਂ (ਤਿੰਨ ਤਾਲ, ਚਾਰ ਤਾਲ, ਆੜਾ ਚਾਰ ਤਾਲ, ਧਮਾਰ, ਤਾਲ ਅਸਵਾਰੀ, ਝਪਤਾਲ, ਦਾਦਰਾ, ਪਸਤੋ, ਸੂਲਫਾਖਤਾ, ਪਟ, ਗਿੱਧਾ ਤਾਲ ਆਦਿ) ਬਾਰੇ ਵਿਸ਼ੇਸ਼ ਜਾਣਕਾਰੀ ਤੋਂ ਇਲਾਵਾ ਇਨ੍ਹਾਂ ਤਾਲਾਂ ਨੂੰ ਸਿਖਾਉਣ ਦੀ ਵਿਸ਼ੇਸ਼ ਵਿਧੀ ਵੀ ਦਰਸਾਈ ਗਈ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿੱਚ ਮਾਸਟਰ ਸੁੰਦਰ ਸਿੰਘ ਦੀ ਇਹ ਕ੍ਰਿਤ ਆਪਣੇ ਆਪ ਵਿੱਚ ਵਿਸ਼ੇਸ਼ ਮਹੱਤਤਾ ਰਖਦੀ ਹੈ ਕਿਉਂ ਜੋ ਇਹ ਗੁਰਮਤਿ ਸੰਗੀਤ ਪਰੰਪਰਾ ਦੀ ਮੁਢਲੀ ਪੁਸਤਕ ਹੈ। ਵਰਤਮਾਨ ਸਮੇਂ ਇਹ ਪੁਸਤਕ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਵਲੋਂ 1958 ਵਿਚ ਪ੍ਰਕਾਸ਼ਿਤ ਪੁਸਤਕ ਸੰਗ੍ਰਹਿ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਦੇ ਅੰਤਰਗਤ ਭਾਗ ਤੀਜੇ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਰਚਨਾਕਾਰ ਮਾਸਟਰ ਸੁੰਦਰ ਸਿੰਘ ਦੁਆਰਾ ਕੀਤਾ ਇਹ ਕਾਰਜ ਭਾਵੇਂ ਗੁਰਮਤਿ ਸੰਗੀਤ ਸਿਧਾਂਤ ਦਾ ਅਨੁਸਰਣ ਨਹੀਂ ਕਰਦਾ ਪਰੰਤੂ ਗੁਰਮਤਿ ਸੰਗੀਤ ਪਰੰਪਰਾ ਦੇ ਮੁਢਲੇ ਕਾਰਜ ਵਜੋਂ ਇਹ ਵਿਸ਼ੇਸ਼ ਤੇ ਮਹੱਤਵਪੂਰਣ ਹੈ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿਚ ਅਗਲਾ ਨਾਮ ਰਾਗੀ ਭਾਈ ਪ੍ਰੇਮ ਸਿੰਘ ਦਾ ਆਉਂਦਾ ਹੈ। ਮਾਸਟਰ ਸੁੰਦਰ ਸਿੰਘ ਤੋਂ ਬਾਅਦ ਰਾਗੀ ਭਾਈ ਪ੍ਰੇਮ ਸਿੰਘ ਦਾ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਿਸ਼ੇਸ਼ ਅਤੇ ਅਹਿਮ ਯੋਗਦਾਨ ਰਿਹਾ ਹੈ। 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਦੇ ਹਵਾਲੇ ਨਾਲ ਭਾਈ ਪ੍ਰੇਮ ਸਿੰਘ ਪਟਿਆਲਾ ਰਿਆਸਤ ਦੇ ਉਘੇ ਕਵੀ ਅਤੇ ਰਾਗੀ ਸਨ ਜਿਸ ਤੋਂ ਆਪ ਦੀ ਸੰਗੀਤ ਦੇ ਸੰਦਰਭ ਵਿਚ ਵਿਦਵਤਾ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਸਿੱਖ ਸੰਗਤਾਂ ਵਿਚ ਭਾਈ ਪ੍ਰੇਮ ਸਿੰਘ ਨੂੰ ਰਾਗੀ ਦੀ ਪਦਵੀ ਨਾਲ ਸਤਿਕਾਰਿਆ ਜਾਂਦਾ ਰਿਹਾ ਹੈ। ਰਾਗੀ ਜੀ ਦੁਆਰਾ ਰਚਿਤ ਪੁਸਤਕ 'ਗੁਰਮਤਿ ਸੰਗੀਤ ਰਤਨ ਭੰਡਾਰ' ਗੁਰਮਤਿ ਸੰਗੀਤ ਦੀ ਸਿਧਾਂਕਤਾ ਪਖੋਂ ਅਹਿਮ ਹੈ। ਇਹ ਪੁਸਤਕ ਪਹਿਲੀ ਵਾਰ 1922 ਵਿਚ ਸਿੰਘ ਸਾਹਿਬ ਮਹਾਰਾਜ ਸਿੰਘ ਦੇ ਸਾਹਿਬਜਾਦੇ ਬਾਬਾ ਰਘੁਵੀਰ ਸਿੰਘ ਦੇ ਉਦੱਮ ਸਦਕਾ ਗੁਰਮਤਿ ਸੰਗੀਤ ਪ੍ਰੈਸ, ਅੰਮ੍ਰਿਤਸਰ ਰਾਹੀਂ ਪ੍ਰਕਾਸ਼ਤ ਹੋਈ। ਦੂਜੀ ਵਾਰ ਆਪ ਦੀ ਇਹ ਪੁਸਤਕ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਦੁਆਰਾ 1958 ਵਿਚ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੁਸਤਕ ਸੰਗ੍ਰਹਿ ਦੇ ਅੰਤਰਗਤ ਪ੍ਰਕਾਸ਼ਿਤ ਹੋਈ। 108 ਪੰਨਿਆਂ ਦੀ ਇਸ ਪੁਸਤਕ ਵਿਚ ਦਿਤੀਆਂ ਗਈਆਂ 35 ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਨਿਰਧਾਰਿਤ 31 ਮੁੱਖ ਅਤੇ 4 ਰਾਗ ਪ੍ਰਕਾਰਾਂ, ਕੁਲ 35 ਰਾਗਾਂ ਅਧੀਨ ਸੁਰਲਿਪੀ ਬੱਧ ਕੀਤੀਆਂ ਗਈਆਂ ਹਨ। ਇਹ ਸੁਰਲਿਪੀ ਬੱਧ ਕਾਰਜ ਵੱਖ-ਵੱਖ 10 ਤਾਲਾਂ ਦੇ ਅੰਤਰਗਤ ਤਾਲਬੱਧ ਕੀਤਾ ਗਿਆ ਹੈ। ਸ਼ਬਦ ਕੀਰਤਨ ਰਚਨਾਕਾਰ ਭਾਈ ਪ੍ਰੇਮ ਸਿੰਘ ਦਾ ਸੁਰਲਿਪੀ ਬੱਧ ਕਾਰਜ ਇਸ ਕਰਕੇ ਵੀ ਵਿਸ਼ੇਸ਼ ਹੈ ਕਿ ਆਪ ਦੁਆਰਾ ਰਚਿਤ ਸ਼ਬਦ ਕੀਰਤਨ ਰਚਨਾਵਾਂ ਮੌਲਿਕ ਸੁਰਲਿਪੀ ਦੇ ਅੰਤਰਗਤ ਤਾਲਬੱਧ ਕੀਤਾ ਗਿਆ ਹੈ। ਗੁਰਮਤਿ ਸੰਗੀਤ ਪਰੰਪਰਾ ਦੀ ਸਿਧਾਂਕਤਾ ਦੇ ਨਜਰੀਏ ਤੋਂ ਰਚਨਾਕਾਰ ਰਾਗੀ ਪ੍ਰੇਮ ਸਿੰਘ ਦੀ ਇਹ ਪੁਸਤਕ ਇਕ ਮੌਲਿਕ ਤੇ ਨਿਵੇਕਲੀ ਪ੍ਰਾਪਤੀ ਹੈ। ਇਸ ਵਿਚ ਗੁਰਮਤਿ ਸੰਗੀਤ ਅਤੇ ਸੰਗੀਤ ਦੇ ਬਹੁ ਪੱਖੀ ਵਿਸ਼ਿਆਂ ਨੂੰ ਪਹਿਲੀ ਵਾਰ ਛੋਹਿਆ ਗਿਆ ਹੈ। ਇਸ ਪੁਸਤਕ ਵਿਚ ਰਚਨਾਕਾਰ ਦੁਆਰਾ 22 ਤਾਲਾਂ ਬਾਰੇ, ਸੁਰਾਂ ਦੀ ਉਤਪਤੀ ਅਤੇ ਉਨ੍ਹਾਂ ਬਾਰੇ

ਵਿਸ਼ੇਸ਼ ਵਿਧੀਵਤ ਭਰਪੂਰ ਜਾਣਕਾਰੀ, ਮੂਰਛਨਾ, ਗ੍ਰਾਮ, ਜਾਤੀਆਂ, ਰਾਗ-ਰਾਗਣੀਆਂ ਆਦਿ ਬਾਰੇ ਵਿਸ਼ੇਸ਼ ਜਾਣਕਾਰੀ ਦਰਜ ਕੀਤੀ ਗਈ ਹੈ। ਗੁਰਮਤਿ ਸੰਗੀਤ ਦੀ ਪਰੰਪਰਾ ਦੇ ਸੁਰਲਿਪੀ ਬੱਧ ਕਾਰਜਾਂ ਦੀ ਲੜੀ ਵਿਚ ਪੁਸਤਕ 'ਗੁਰਮਤਿ ਸੰਗੀਤ ਰਤਨ ਭੰਡਾਰ' ਨਿਰਧਾਰਤ ਰਾਗਾਂ ਦੀ ਧਾਰਾ ਦੇ ਅੰਤਰਗਤ ਰਚਿਤ ਹੈ। ਗੁਰਮਤਿ ਸੰਗੀਤ ਦੇ ਆਰੰਭਲੇ ਕਾਰਜਾਂ ਵਿਚ ਇਸ ਪੁਸਤਕ ਦਾ ਮਹੱਤਵਪੂਰਣ ਅਤੇ ਵਡਮੁੱਲਾ ਸਥਾਨ ਹੈ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿਚ ਸ. ਰਵੇਲ ਸਿੰਘ ਕੰਵਰ ਦਾ ਨਾਮ ਵੀ ਵਿਸ਼ੇਸ਼ ਤੌਰ ਤੇ ਲਿਆ ਜਾਂਦਾ ਹੈ। ਆਪ ਵਲੋਂ ਦੋ ਪੁਸਤਕਾਂ 'ਗੁਰਮਤਿ ਸੰਗੀਤ ਦਰਸ਼ਨ' ਅਤੇ 'ਗੁਰਮਤਿ ਸੰਗੀਤ ਪ੍ਰਭਾਕਰ' ਜੋ ਕਿ 1954 ਵਿਚ ਪ੍ਰਕਾਸ਼ਿਤ ਹੋਈ, ਵਿਸ਼ੇਸ਼ ਹਨ। ਇਨ੍ਹਾਂ ਪੁਸਤਕਾਂ ਵਿਚੋਂ 'ਗੁਰਮਤਿ ਸੰਗੀਤ ਦਰਸ਼ਨ' ਪ੍ਰਾਪਤ ਨਹੀਂ ਹੁੰਦੀ ਪਰੰਤੂ ਇਸ ਦੇ ਹਵਾਲੇ 'ਸੰਗੀਤ ਪ੍ਰਭਾਕਰ' ਵਿਚ ਪ੍ਰਾਪਤ ਹੁੰਦੇ ਹਨ। ਸ. ਰਵੇਲ ਸਿੰਘ ਦੇ ਨਿਜੀ ਜੀਵਨ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ, ਪਰੰਤੂ ਆਪ ਵਲੋਂ ਸ਼ਬਦ ਕੀਰਤਨ ਰਚਨਾਕਾਰ ਦੇ ਤੌਰ 'ਤੇ ਕੀਤਾ ਕਾਰਜ ਸ਼ਲਾਘਾਯੋਗ ਹੈ। ਆਪ ਦੀ ਰਚਿਤ ਪੁਸਤਕਾਂ ਵਿਚ ਦਰਜ ਸ਼ਬਦ ਕੀਰਤਨ ਰਚਨਾਵਾਂ ਨਿਰਧਾਰਤ ਰਾਗਾਂ ਦੀ ਧਾਰਾ ਦੇ ਅਨੁਸਾਰੀ ਸੁਰਲਿਪੀ ਬੱਧ ਹਨ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿਚ ਅਗਲਾ ਨਾਮ ਮਾਸਟਰ ਸੁੰਦਰ ਸਿੰਘ ਦਾ ਆਉਂਦਾ ਹੈ। ਪਾਠਕਾਂ ਦੇ ਧਿਆਨ ਹਿਤ ਕਿ ਮਾਸਟਰ ਸੁੰਦਰ ਸਿੰਘ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਮਾਸਟਰ ਸੁੰਦਰ ਸਿੰਘ ਤੋਂ ਵੱਖਰੇ ਹਨ। ਇਨ੍ਹਾਂ ਦੋਨਾਂ ਦੀਆਂ ਲਿਖਤਾਂ ਵੀ ਵੱਖਰੀਆਂ ਹਨ। ਦੋਨਾਂ ਰਚਨਾਕਾਰਾਂ ਵਲੋਂ ਸ਼ਬਦ ਕੀਰਤਨ ਰਚਨਾਵਾਂ ਲਈ ਵੱਖੋ-ਵੱਖਰੀ ਮੌਲਿਕ ਸੁਰਲਿਪੀ ਦਾ ਪ੍ਰਯੋਗ ਕੀਤਾ ਗਿਆ ਹੈ। ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੇ ਮਾਸਟਰ ਸੁੰਦਰ ਸਿੰਘ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਉਪਲਬੱਧ ਨਹੀਂ ਹੁੰਦੀ। ਪਰੰਤੂ ਇਸ ਰਚਨਾਕਾਰ ਦਾ ਕਾਰਜ ਗੁਰਮਤਿ ਸੰਗੀਤ ਦੇ ਮੁਢਲੇ ਕਾਰਜਾਂ ਦੇ ਰੂਪ ਵਿਚ ਵਿਸ਼ੇਸ਼ ਹੈ। ਆਪ ਦੁਆਰਾ ਰਚਿਤ ਪੁਸਤਕ 'ਹਾਰਮੋਨੀਅਮ ਟੀਚਰ' ਵਿਚ ਜੋੜੀ ਤੇ ਸਾਜ਼ਾਂ ਦੀ ਜਾਣਕਾਰੀ, ਵੱਖ-ਵੱਖ ਟਿਊਨਾਂ 'ਤੇ ਸ਼ਬਦ ਗਾਉਣ ਦੀ ਪ੍ਰਕ੍ਰਿਆ ਅਤੇ ਸਰਗਮਾਂ ਆਦਿ ਬਾਰੇ ਜਾਣਕਾਰੀ ਦਿਤੀ ਗਈ ਹੈ। ਇਸ ਪੁਸਤਕ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਗੁਰਬਾਣੀ ਦੇ ਦਸ ਸ਼ਬਦ, ਦੂਜੇ ਭਾਗ ਵਿਚ ਦਸ ਪੁਰਾਤਨ ਹਿੰਦੀ ਗਾਣੇ ਅਤੇ ਤੀਜੇ ਭਾਗ ਵਿਚ ਦਸ ਭਜਨ ਸੁਰਲਿਪੀ ਬੱਧ ਕੀਤੇ ਗਏ ਹਨ। ਸ਼ਬਦਾਂ ਦੀਆਂ ਰਚਨਾਵਾਂ ਲਈ ਮੌਲਿਕ ਸੁਰਲਿਪੀ ਦਾ ਪ੍ਰਯੋਗ ਕੀਤਾ ਗਿਆ ਹੈ। ਜੇਕਰ ਮਾਸਟਰ ਸੁੰਦਰ ਸਿੰਘ ਦੇ ਪੂਰੇ ਕਾਰਜ 'ਤੇ ਝਾਤ ਮਾਰੀਏ ਤਾਂ ਇਹ ਕਾਰਜ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਨੁਸਰਣ ਤਾਂ ਨਹੀਂ ਕਰਦਾ ਪਰੰਤੂ ਇਹ ਗੁਰਮਤਿ ਸੰਗੀਤ ਦੀ ਵਿਹਾਰਕਤਾ ਦੇ ਮੁਢਲੇ ਕਾਰਜ ਵਜੋਂ ਸ਼ਲਾਘਾਯੋਗ ਹੈ।

ਗੁਰਮਤਿ ਸੰਗੀਤ ਦੇ ਇਨ੍ਹਾਂ ਆਰੰਭਲੇ ਰਚਨਾਕਾਰਾਂ ਦੇ ਕਾਰਜ ਦੀ ਇਕ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਨ੍ਹਾਂ ਸਭ ਨੇ ਆਪਣੀ ਸ਼ਬਦ ਕੀਰਤਨ ਰਚਨਾਵਾਂ ਲਈ ਮੌਲਿਕ ਸੁਰਲਿਪੀ ਦਾ ਪ੍ਰਯੋਗ ਕੀਤਾ ਹੈ ਜੋ ਕਿ ਗੁਰਮਤਿ ਸੰਗੀਤ ਪਰੰਪਰਾ ਦੀ ਵਿਸ਼ੇਸ਼ ਪ੍ਰਾਪਤੀ ਹੈ। ਭਾਰਤੀ ਸੰਗੀਤ ਵਿਚ ਪ੍ਰਚਲਿਤ ਸੁਰਲਿਪੀ ਪੱਧਤੀ ਜਿਵੇਂ ਭਾਤਖੰਡੇ ਸੁਰਲਿਪੀ ਜਾਂ ਵਿਸ਼ਣੂ ਦਿਗੰਬਰ ਪਲੁਸਕਰ ਸੁਰਲਿਪੀ ਪੱਧਤੀ ਦਾ ਗੁਰਮਤਿ ਸੰਗੀਤ ਦੇ ਇਹਨਾਂ ਆਰੰਭਲੇ ਰਚਨਾਕਾਰਾਂ ਨੇ ਬਿਲਕੁਲ ਵੀ ਪ੍ਰਯੋਗ ਨਹੀਂ ਕੀਤਾ ਸਗੋਂ ਆਪਣੀਆਂ ਰਚਨਾਵਾਂ ਮੌਲਿਕ ਸੁਰਲਿਪੀ ਵਿਚ ਤਾਲਬੱਧ ਕੀਤੀਆਂ। ਇਹ ਕਾਰਜ ਜਿਥੇ ਗੁਰਮਤਿ ਸੰਗੀਤ ਦੇ ਖਜਾਨੇ ਨੂੰ ਅਮੀਰ ਕਰਦਾ ਹੈ ਉਥੇ ਸੰਗੀਤ ਜਗਤ ਦੇ ਖਜਾਨੇ ਲਈ ਗੁਰਮਤਿ ਸੰਗੀਤ ਦੀ ਵਿਸ਼ੇਸ਼ ਦੇਣ ਹੈ। ਗੁਰਮਤਿ ਸੰਗੀਤ ਦੇ ਇਨ੍ਹਾਂ ਆਰੰਭਲੇ ਰਚਨਾਕਾਰਾਂ ਦਾ ਕਾਰਜ ਅਗਾਮੀ ਪੀੜ੍ਹੀਆਂ ਲਈ ਇਕ ਵਿਸ਼ੇਸ਼

ਉਦਾਹਰਣ ਬਣਿਆ। ਵਿਸ਼ੇਸ਼ ਕਰਕੇ ਸੁਰਲਿਪੀ ਪਰੰਪਰਾ ਦੇ ਸੰਦਰਭ ਵਿਚ ਇਸ ਕਾਰਜ ਨੂੰ ਪਛਾਣਨ, ਪ੍ਰਚਾਰਨ ਦੀ ਜ਼ਰੂਰਤ ਹੈ।

***ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ**

---

# ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ

**ਡਾ. ਜਾਗੀਰ ਸਿੰਘ**

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਜਿਸ ਆਦਰਸ਼ਕ ਮਨੁੱਖ ਦਾ ਸੰਕਲਪ ਪੇਸ਼ ਕੀਤਾ ਗਿਆ ਉਸ ਦੀ ਸ਼ਖਸੀਅਤ ਉਚੇਰੇ ਗੁਣਾਂ ਨਾਲ ਭਰਪੂਰ ਹੋਣੀ ਚਾਹੀਦੀ ਹੈ। ਉਸ ਵਿੱਚ ਨੈਤਿਕ ਗੁਣ ਤਾਂ ਹੋਣਗੇ ਹੀ ਪਰ ਉਸ ਨੂੰ ਕੋਮਲ ਕਲਾਵਾਂ ਦਾ ਅਨੰਦ ਮਾਣਨ ਦੀ ਰੁਚੀ ਵੀ ਹੋਵੇ। ਜਿਹੜੇ ਮਨੁੱਖ ਰਾਗ ਅਤੇ ਕਾਵਿ ਕਲਾ ਤੋਂ ਵਿਹੂਣੇ ਹਨ ਉਹਨਾਂ ਬਾਰੇ ਗੁਰੂ ਨਾਨਕ ਦੇਵ ਜੀ ਸਾਰੰਗ ਦੀ ਵਾਰ ਵਿੱਚ ਉਚਾਰਦੇ ਹਨ।

***ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥***
***ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥***
***ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥***

*(ਸਲੋਕ ਮਹਲਾ 1, ਪੰਨਾ 1246)*

ਇਸੇ ਤਰ੍ਹਾਂ ਗੁਰਬਾਣੀ ਵਿੱਚ ਅਧਿਆਤਮਕ ਤੌਰ ਤੇ ਆਦਰਸ਼ਕ ਮਨੁੱਖ ਨੂੰ ਸਚਿਆਰ ਆਖਿਆ ਗਿਆ ਹੈ। ਜਪੁ ਜੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁਖ ਬਾਣੀ ਹੈ। ਇਸ ਵਿੱਚ ਗੁਰਬਾਣੀ ਦੇ ਲਗਭਗ ਸਾਰੇ ਸੰਕਲਪਾਂ ਦੀ ਝਲਕ ਮਿਲ ਜਾਂਦੀ ਹੈ। ਇਸ ਬਾਣੀ ਵਿੱਚ ਮਨੁੱਖੀ ਜੀਵਨ ਦਾ ਮਨੋਰਥ ਸਚਿਆਰਾ ਬਣਨਾ ਦੱਸਿਆ ਹੈ। ਸਚਿਆਰਾ ਬਣਨ ਲਈ ਹੁਕਮ ਅਨੁਸਾਰ ਚੱਲਣ ਦੀ ਸ਼ਰਤ ਲਗਾਈ ਹੈ। ਹੁਕਮ ਅਨੁਸਾਰ ਚੱਲਣ ਲਈ ਹੁਕਮ ਬਾਰੇ ਜਾਣਨਾ ਜ਼ਰੂਰੀ ਹੈ ਅਤੇ ਹੁਕਮ ਨੂੰ ਜਾਣਨ ਲਈ ਹੁਕਮ ਦੇ ਮਾਲਕ ਪਰਮੇਸ਼ਰ ਦਾ ਜਸ ਗਾਇਨ ਕੀਤਾ ਜਾਂਦਾ ਹੈ ਇਸ ਬਾਰੇ ਜਪੁਜੀ ਵਿੱਚ ਸਪਸ਼ਟ ਕੀਤਾ ਗਿਆ ਹੈ

***ਕਿਵ ਸਚਿਆਰਾ ਹੋਈਐ ਕਿਵਿ ਕੂੜੈ ਤੁਟੇ ਪਾਲ ॥***
***ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ ॥***

ਅਤੇ ਫਿਰ ਕਿਹਾ ਹੈ:

***ਨਾਨਕ ਹੁਕਮੇ ਜੇ ਬੁਝੈ ਤ ਹਉਮੈ ਕਹੈ ਨ ਕੋਇ ॥*** *(ਜਪੁ ਜੀ, ਪੰਨਾ 1)*

ਹੁਕਮ ਨੂੰ ਬੁਝਣ ਲਈ ਪਰਮੇਸ਼ਰ ਦੇ ਗੁਣ ਗਾਇਨ ਕਰਨ ਨੂੰ ਸਾਧਨ ਦੱਸਿਆ ਹੈ :

***ਗਾਵੈ ਕੋ ਤਾਣ ਹੋਵੈ ਕਿਸੈ ਤਾਣ ॥ ਗਾਵੈ ਕੋ ਦਾਤਿ ਜਾਣੈ ਨੀਸਾਣ ॥***
***ਜਿਨ ਸੇਵਿਆ ਤਿਨਿ ਪਾਇਆ ਮਾਨ ॥ ਨਾਨਕ ਗਾਵੀਐ ਗੁਣੀ ਨਿਧਾਨ ॥***

*(ਜਪੁ ਜੀ , ਪੰਨਾ 12)*

ਸੋਦਰ ਵਾਲੀ ਪਉੜੀ ਵਿੱਚ ਬ੍ਰਹਿਮੰਡੀ ਕੀਰਤਨ ਅਰਥਾਤ ਕੁਦਰਤ ਦੇ ਸੰਗੀਤ ਦੀ ਤਸਵੀਰ ਖਿਚੀ ਹੋਈ ਹੈ। ਪ੍ਰਮਾਤਮਾਂ ਦੇ ਦਰਬਾਰ ਵਿੱਚ ਗਾਇਨ ਕਰਨ ਵਾਲਿਆਂ ਦਾ ਵਰਣਨ ਅਦੁਤੀ ਹੈ। ਇਥੇ ਚਿਤਰਗੁਪਤ, ਧਰਮਰਾਜ, ਈਸ਼ਵਰ, ਬ੍ਰਹਮਾ, ਦੇਵੀ, ਦੇਵਤੇ, ਸਿੱਧ, ਜਤੀ, ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ, ਪਾਣੀ, ਅੱਗ, ਤਾਰਿਕਾ-ਮੰਡਲ ਅਤੇ ਸਮੁਚਾ ਬ੍ਰਹਿਮੰਡ, ਸਮੁੱਚੀ ਸ਼੍ਰਿਸ਼ਟੀ ਗਾ ਰਹੀ ਹੈ।

***ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥***
***ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥***
***ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ ॥***

ਅੰਤ ਵਿੱਚ ਆਖਦੇ ਹਨ ਕਿ ਕਿਤਨੇ ਗਾ ਰਹੇ ਹਨ ਮੇਰੇ ਚੇਤੇ ਵਿੱਚ ਨਹੀਂ ਆਉਂਦੇ

***ਹੋਰ ਕੇਤੇ ਗਾਵਨ ਸੇ ਮੈ ਚਿਤਿ ਨ ਆਵਨ***
***ਨਾਨਕ ਕਿਆ ਵੀਚਾਰੇ ॥*** *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)*

ਗੁਰੂ ਸਾਹਿਬਾਨ ਨੇ ਕੀਰਤਨ ਦਾ ਪ੍ਰਯੋਗ ਸੁਚੇਤ ਰੂਪ ਵਿੱਚ ਕੀਤਾ ਹੈ। ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮੱਗਰੀ ਭਾਸ਼ਾਗਤ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜਬੂਰੀਹੈ ਕਿ ਇਹ ਉਸ ਸਰੋਤੇ ਤੇ ਹੀ ਅਸਰ ਕਰਦਾਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਏ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ। ਇਹ ਨਾਦ ਮਨੁੱਖਾਂ ਨੂੰ ਹੀ ਨਹੀਂ ਸਗੋਂ ਪਸ਼ੂਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ-ਪਤੀ ਵੀ ਬੰਸਰੀ ਦੀ ਧੁਨ ਦੇ ਵਸ ਹੋ ਗਏ। ਬ੍ਰਹਮਾ ਸਾਮਗਾਨ ਕਰਦੇ ਹਨ। ਸੁਰਸਤੀ ਵੀਣਾ ਵਿੱਚ ਮਗਨ ਹੈ। ਯਕਸ਼, ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ।ਹੈਰਾਨੀ ਤਾਂ ਇਹਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।[1]

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖੁਸ਼ੀ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਇਸ ਵਿੱਚ ਦੈਵੀ ਸ਼ਕਤੀਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ। ਉਹਨਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ।[2]

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ।[3] ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ।[4] ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ।[5] ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ ਸ਼ੈਕਸਪੀਅਰ ਉਹਨਾਂ ਨੂੰ ਖਤਰਨਾਕ ਦਸਦਾਹੈ ਅਤੇ ਕਹਿੰਦਾਹੈ ਕਿ ਅਜੇਹੇ ਮਨੁੱਖਾਂ ਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।[6]

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆਹੈ ਉਸ ਅਨੁਸਾਰ, *"ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾਹੈ, ਜਿਹੜਾ ਤਾਲ ਗਿਆਤਾਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।"*[7] ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵਹੈ ਓਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ[8] ਹੈ। ਸੰਗੀਤ ਮਨੁੱਖਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਹਨਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।[9]

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, *"ਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ।"* [10] ਕਵਿਤਾ ਉਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ, *"ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪਰਭਾਵ ਨੂੰ ਤੀਖਣ ਕਰਦਾ ਹੈ।"* [11]

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿਚ ਸ਼ਬਦ, ਪਰ ਸ਼੍ਰੇਸ਼ਟ ਕਾਵਿ ਵਿਚ ਗਾਇਨ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿਚ ਉਹ ਸ਼ਬਦ ਨਾਲ ਮਿਲਕੇ ਹੀ ਸਾਰਥਕ ਹੁੰਦੀ ਹੈ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪਦਤੀ ਰਾਹੀਂ ਪ੍ਰਗਟ ਹੁੰਦੀ ਹੈ। [12] ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲ-ਬਾਤ ਵਿਚ ਵੀ ਸੰਗੀਤਕ ਤੱਤਾਂ ਦੇ ਪ੍ਰਯੋਗ ਕਰਕੇ ਉਸਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, *"ਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਰੋਹੀ-ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।"*[13] ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਣਨਯੋਗਹੈ, *"ਸੰਗੀਤ ਅਤੇ ਸਾਹਿਤ ਵਿੱਚ ਗੂੜਾ ਸੰਬੰਧ ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਸਨੂੰ ਅਸੀਮ ਕਰ ਦਿੰਦਾ ਹੈ।"* [14] ਇਸੇ ਲਈ ਡਾ. ਉਮਾ ਮਿਸ਼ਰ ਨੇ ਕਿਹਾ ਹੈ, *"ਕਵਿਤਾ ਜਦੋਂ ਤਕ ਗਾਈ*

*ਨਹੀਂ ਜਾਂਦੀ ਉਦੋਂ ਤਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।"*[15]

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਹਨਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸਦਾ ਜੋ ਅਸਰ ਹੋਇਆ ਉਸ ਸੰਬਧੀ ਭਾਈ ਵੀਰ ਸਿੰਘ ਜੀ[16] ਦਾ ਕਥਨ ਹੈ, *"ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨੋ ਅੜ ਖਲੋਤੇ ਤਾਂ ਰੰਗ ਰਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਡੁਲ੍ਹਡੁਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਹਨਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ :*

***ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ ॥"***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374)*

ਕੀਰਤਨ ਦੀ ਮਹਿਮਾਂ ਬਾਰੇ ਗੁਰਬਾਣੀ ਵਿੱਚ ਅਨੇਕਾਂ ਕਥਨ ਦਰਸਾਉਂਦੇ ਹਨ ਕਿ ਗੁਰੂ ਸਾਹਿਬਾਨ ਕੀਰਤਨ ਅਰਥਾਤ ਪਰਮੇਸ਼ਰ ਦੇ ਗੁਣ ਗਾਇਨ ਕਰਨ ਨੂੰ ਬਹੁਤ ਪ੍ਰਭਾਵਸ਼ਾਲੀ ਸਮਝਦੇ ਸਨ।

***ਕਲਿਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)*

***ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 893)*

ਗੁਰੂ ਸਾਹਿਬ ਉਸ ਸਥਾਨ ਦੀ ਭਾਲ ਕਰਦੇ ਹਨ ਜਿਥੇ ਕੀਰਤਨ ਹੁੰਦਾ ਹੈ

***ਸੋ ਅਸਥਾਨ ਬਤਾਵਹੁ ਮੀਤਾ ॥ ਜਾਕੈ ਹਰਿ ਹਰਿ ਕੀਰਤਨ ਨੀਤਾ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 385)*

***ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਐ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)*

***ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1018)*

***ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥***
***ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨ ਹੋਇ ਉਧਾਰੁ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 214)*

***ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਹੁ ਉਠ ਨੀਤ ॥***
***ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519)*

***ਗ੍ਰਿਹਿ ਤਾ ਕੇ ਬਸੰਤੁ ਗਨੀ ॥ ਜਾ ਕੇ ਕੀਰਤਨੁ ਹਰਿ ਧੁਨੀ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)*

***ਹਰਿ ਦਿਨੁ ਰੈਣਿ ਕੀਰਤਨੁ ਗਾਈਐ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 623)*

ਹਰੀ ਕੀਰਤਨ ਨੂੰ ਹਰਿ ਜਸੁ ਆਖਦਿਆਂ ਇਸ ਨੂੰ ਰਤਨ ਜਵਾਹਰ, ਮਾਣਕ ਹੀਰੇ ਮੋਤੀ ਨਾਲ ਤੁਲਨਾ ਦਿੱਤੀ ਗਈ ਹੈ:

***ਗੁਰ ਕੀ ਸੇਵਾ ਮੁਕਤ ਪਰਾਇਣ ਅਨਦਿਨ ਕੀਰਤਨ ਕੀਨਾ ਹੈ।***
***ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ ॥***

*(ਮਾਰੂ ਸੋਲਹੇ ਮਹਲਾ ੨, ਪੰਨਾ 1028)*

ਹਰੀ ਦੇ ਗੁਣ ਗਾਇਨ ਕਰਨ ਅਰਥਾਤ ਕੀਰਤਨ ਵਿੱਚ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਹੈ। ਇਸ ਦਾ ਮਨ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਸ ਤਰਾਂ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

***ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ ॥***

*(ਭੈਰਉ ਮਹਲਾ ੧, ਪੰਨਾ 1125)*

***ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥***
***ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨ ਤ੍ਰਿਪਤੈ ਹਰਿ ਲਿਵ ਲਾਗਾ ॥***

*(ਸੋਰਠ ਮਹਲਾ ੧ ਪੰਨਾ 598)*

ਗਾਇਨ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਗੁਣ ਗਾਇਨ ਕਰਨ ਲਈ ਮਨ ਇਸ ਗਾਇਨ ਕਲਾ ਦੇ ਹਵਾਲੇ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

***ਮਨੁ ਦੇ ਲੀਆ ਰਹਸਿ ਗੁਣ ਗਾਈ ॥***

*(ਗਉੜੀ ਗੁਆਰੇਰੀ ਮਹਲਾ ੧,ਪੰਨਾ 221)*

ਗਾਇਨ ਕਰਨ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ:

***ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥***
***ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥***
***ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥***
***ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥***

*(ਗਉੜੀ ਪੂਰਬੀ ਦੀਪਕੀ ਮਹਲਾ ੧, ਪੰਨਾ 157)*

ਹਰੀ ਦੇ ਗੁਣ ਗਾਇਨ ਕਰਨ ਨਾਲ ਹਰੀ ਮਿਲ ਪੈਂਦਾ ਹੈ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ:

***ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥***

*(ਆਸਾ ਮਹਲਾ ੧, ਪੰਨਾ 422)*

ਹਰੀ ਦੇ ਗੁਣ ਗਾਇਨ ਕਰਨ ਨਾਲ ਜਮ ਦੂਤ ਨੇੜੇ ਨਹੀਂ ਆਉਂਦਾ:

***ਦੂਤ ਨ ਲਾਗਿ ਸਕੈ ਗੁਨ ਗਾਇ ॥***

*(ਆਸਾ ਮਹਲਾ ੧, ਪੰਨਾ 416)*

***ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥***

*(ਗਉੜੀ ਮਹਲਾ ੧, ਪੰਨਾ 227)*

ਭਾਵ ਹਰੀ ਦੇ ਗੁਣ ਗਾਇਨ ਕਰਨ ਨਾਲ ਮਨੁੱਖ ਕਾਲ ਭਾਵ ਜਨਮ ਮਰਨ ਦੇ ਚੱਕਰ ਤੋਂ ਬਚ ਜਾਂਦਾ ਹੈ।

***ਅਕੁਲ ਗਾਇ ਜਮ ਤੇ ਕਿਆ ਡਰੀਐ ॥***

*(ਮਾਰੂ ਮਹਲਾ ੧ ਪੰਨਾ 1040)*

ਇਸ ਕਰਕੇ ਗੁਰਬਾਣੀ ਵਿੱਚ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਪਰਮੇਸ਼ਰ ਦੇ ਗੁਣ ਗਾਇਨ ਕਰੇ। ਹਰੀ ਦਾ ਜਸ ਕਰਨ ਨਾਲ ਹੀ ਅਸਲ ਲਾਭ ਪ੍ਰਾਪਤ ਹੁੰਦਾ ਹੈ ਇਸ ਨਾਲ ਹੀ ਪਰਮੇਸ਼ਰ ਖੁਸ਼ ਹੁੰਦਾ ਹੈ:

***ਭਾਈ ਰੇ ਰਾਮ ਕਹੁ ਚਿਤਿ ਲਾਇ ॥***
***ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤਿਆਇ ॥***

*(ਸਿਰੀ ਰਾਗ ਮਹਲਾ ੧, ਪੰਨਾ 22)*

ਗੁਰੂ ਅਮਰ ਦਾਸ ਜੀ ਨੇ ਆਪਣੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਵਿੱਚ ਗੁਰਬਾਣੀ ਗਾਉਣ ਲਈ ਆਦੇਸ਼ ਦਿੱਤੇ ਹਨ:

***ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)*

***ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥***
***(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 629)***
***ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨਿ ਰਾਗ ਰਤਨ ਰਸਨਾ ਅਲਾਪ ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 821)*

ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਗਾਇਨ ਨੂੰ ਸ਼ਾਮਿਲ ਕੀਤਾ ਹੈ:

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 305)*

***ਸਾਧੋ ਗੋਬਿੰਦ ਕੇ ਗੁਨ ਗਾਵਉ ॥ ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 247)*

ਭਾਵ ਹੇ ਸਾਧੂ ਜਨੋਂ ਹੋਰ ਜਤਨਾਂ ਵਿੱਚ ਆਪਣਾ ਬਹੁਮੁੱਲਾ ਮਨੁੱਖਾ ਜਨਮ ਬਿਰਥਾ ਨਾ ਗਵਾਓ। ਹਰੀ ਦੇ ਗੁਣ ਗਾ ਕੇ ਇਸ ਨੂੰ ਸਫਲ ਕਰੋ।

ਜਿਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਕਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਨਾਂ ਵਿੱਚ ਕੀਰਤਨ ਪ੍ਰਮੁਖ ਕਰਮ ਹੁੰਦਾ ਸੀ।

ਭਾਈ ਗੁਰਦਾਸ ਜੀ ਦਾ ਕਥਨ ਹੈ:

***ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ॥***

*(ਵਾਰ 1, ਪਉੜੀ 27)*

ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰਾਂਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰ ਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਯਾਦਾ ਨੂੰ ਵਿਸ਼ੇਸ਼ ਰੂਪ ਵਿੱਚ ਅਪਨਾਇਆ। ਭਾਈ ਗੁਰਦਾਸ ਜੀ ਅਨੁਸਾਰ:

***ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖ ਉਦਾਸੀ ਸਗਲ ਉਤਾਰਾ ॥***
***ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਪਿਛੇ ਧੁਨਕਾਰਾ ॥***
***ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪ ਉਚਾਰਾ ॥***

*(ਭਾਈ ਗੁਰਦਾਸ, ਵਾਰ 1, ਪਉੜੀ 38)*

ਜਿਵੇਂ ਕਿ ਪਿਛੇ ਦੱਸਿਆ ਜਾ ਚੁਕਾ ਹੈ ਕਿ ਗੁਰਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਨ ਦਾ ਨਾਮ ਕੀਰਤਨ ਹੈ। ਗੁਰੂ ਸਾਹਿਬਾਨ ਰਾਗ ਪ੍ਰਭਾਵ ਤੋਂ ਜਾਣੂ ਸਨ ਇਸ ਲਈ ਉਹ ਰਾਗਾਂ ਦੀ ਵਰਤੋਂ ਬਾਰੇ ਬਹੁਤ ਸੁਚੇਤ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਉਪਰ ਜਿਥੇ ਕਾਵਿ ਰੂਪ ਨਾਲ ਸੰਬੰਧਤ ਸਿਰਲੇਖ ਦਿੱਤਾ ਉਥੇ ਉਹਨਾਂ ਨੂੰ ਗਾਉਣ ਲਈ ਰਾਗ ਵੀ ਨਿਸ਼ਚਿਤ ਕੀਤਾ ਹੈ। ਸੰਗੀਤ ਦੀ ਕਿਰਤ ਰਾਗ ਹੈ। ਰਾਗ ਬਾਰੇ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਖਾਸ ਤਰ੍ਹਾਂ ਦੇ ਅਨੁਭਵਾਂ ਨੂੰ ਖਾਸ ਤਰ੍ਹਾਂ ਦੇ ਰਾਗ ਹੀ ਪ੍ਰਗਟ ਕਰ ਸਕਦੇ ਹਨ। ਪਰ ਹਰ ਰਾਗ ਸਰੋਤਿਆਂ ਉਪਰ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ।

ਰਾਗ ਦਾ ਅਰਥ ਹੀ ਮਨੁੱਖੀ ਮਨ ਨੂੰ ਖਾਸ ਤਰ੍ਹਾਂ ਦੀਆਂ ਭਾਵਨਾਵਾਂ ਵਿਚ ਰੰਗਣ ਵਾਲਾ ਹੈ।[17] ਹਰ ਰਾਗ ਦੀ ਸਿਰਜਣਾ ਵਿਸ਼ੇਸ਼ ਸੁਰਾਂ ਦੇ ਸੰਜੋਗ ਨਾਲ ਹੁੰਦੀ ਹੈ ਇਸ ਲਈ ਹਰ ਇਕ ਰਾਗ ਵਿਸ਼ੇਸ਼ ਭਾਵਾਂ ਨਾਲ ਸੰਬੰਧਤ ਹੁੰਦਾ ਹੈ। ਜਿਵੇਂ ਆਮ ਬੋਲ ਚਾਲ ਵਿਚ ਸਾਡੇ ਉਚਾਰਨ ਦੇ ਢੰਗਾਂ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ ਅਰਥਾਤ ਬਹੁਤਾ ਜ਼ੋਰ ਨਾਲ ਬੋਲਣ ਨਾਲ ਲੜਨ, ਝਗੜਨ, ਬਹੁਤੀ ਖੁਸ਼ੀ ਅਤੇ ਚੰਚਲਤਾ ਦਾ ਭਾਵ ਪ੍ਰਗਟ ਹੁੰਦਾ ਹੈ। ਹੌਲੀ ਬੋਲਣ ਨਾਲ ਅਧੀਨਗੀ, ਮਧੁਰਤਾ, ਧੀਰਜ, ਸ਼ਾਂਤੀ ਆਦਿ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸੇ ਤਰ੍ਹਾਂ ਵੱਖ ਵੱਖ ਸੁਰਾਂ ਦੇ ਪ੍ਰਯੋਗ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ।[18] ਸੰਗੀਤ ਆਚਾਰੀਆਂ ਨੇ ਹਰ ਰਾਗ ਦਾ ਇਕ ਰਸ ਮੰਨਿਆ ਹੈ। ਭਾਵੇਂ ਵੱਖ ਵੱਖ ਰਾਗਾਂ ਬਾਰੇ ਰਸਾਂ ਸੰਬੰਧੀ ਅਸਪਸ਼ਟਤਾ ਹੈ ਪਰ ਫਿਰ ਵੀ ਸਾਧਾਰਨ ਤੌਰ ਤੇ ਸੰਗੀਤ ਵਿਚ ਤਿੰਨ ਚਾਰ ਰਸਾਂ ਦੀ ਹੀ ਪ੍ਰਧਾਨਤਾ ਮੰਨੀ ਜਾਂਦੀ ਹੈ ਸ਼ਿੰਗਾਰ, ਸ਼ਾਂਤ, ਕਰੁਣ, ਵੀਰ ਆਦਿ। ਹਰ ਰਾਗ ਦੇ ਵਾਤਾਵਰਣ ਵਿਚ ਇਕ ਨਿੱਜੀ ਰਸ ਹੁੰਦਾ ਹੈ ਜਿਸਦਾ ਸਾਡੇ ਹਿਰਦੇ ਤੇ ਪ੍ਰਭਾਵ ਪੈਂਦਾ ਹੈ।[19]

ਪੁਰਾਤਨ ਸੰਗੀਤ ਅਚਾਰੀਆਂ ਨੇ ਰਾਗਾਂ ਦੇ ਅਨੁਕੂਲ ਕਈ ਰਾਗਾਂ ਦਾ ਮਾਨਵੀਕਰਣ ਕਰਦਿਆਂ ਉਨ੍ਹਾਂ ਦੇ ਚਿਤਰ ਬਣਾਏ ਹਨ ਅਤੇ ਉਨ੍ਹਾਂ ਦਾ ਸਰੂਪ ਵੀ ਵਰਣਨ ਕੀਤਾ ਗਿਆ ਹੈ। ਇਸ ਸਰੂਪ ਨੂੰ ਧਿਆਨ ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰੀਆਂ ਅਨੁਸਾਰ ਜਿਹੜਾ ਗਾਇਕ ਰਾਗ ਦਾ ਧਿਆਨ ਮਨ ਵਿੱਚ ਵਸਾਏ ਬਿਨਾਂ ਉਸ ਦਾ ਗਾਇਨ ਕਰਦਾ ਹੈ ਉਸ ਨੂੰ ਮਨਇਛਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸਪਸ਼ਟ ਹੈ ਕਿ ਜਿਹੜਾ ਗਾਇਕ ਰਾਗ ਦੇ ਭਾਵ ਸੰਬੰਧੀ ਉਸ ਦੀ ਖਾਸ ਸ਼ਖਸੀਅਤ ਤੋਂ ਵਾਕਫ ਨਹੀਂ ਹੋਵੇਗਾ। ਉਸਦੇ ਰੂਪ ਨੂੰ ਠੀਕ ਪੇਸ਼ ਨਹੀਂ ਕਰ ਸਕੇਗਾ ਤੇ ਸਰੋਤਿਆਂ ਨੂੰ ਅਨੰਦ ਨਹੀਂ ਆਵੇਗਾ।[20]

ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇ ਰਾਗਾਂ ਦੇ ਬਹੁਤੇ ਭਾਵ ਚਿਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਭੂਤੀ ਕਰਾਉਂਦੇ ਸਨ ਕਿਉਂਕਿ ਬਹੁਤੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ ਤੇ ਰਹਿੰਦੇ ਸਨ ਇਸ ਲਈ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨਾ ਸੀ। ਪਰ ਗੁਰੂ ਸਾਹਿਬ ਦੇ ਸਰੋਤੇ ਨਾ ਤਾਂ ਰਾਜੇ ਮਹਾਰਾਜੇ ਸਨ ਅਤੇ ਨਾ ਹੀ ਉਹ ਰਾਗਾਂ ਰਾਹੀਂ ਆਪਣੇ ਸਰੋਤਿਆਂ ਨੂੰ ਕੇਵਲ ਆਨੰਦ ਦੇਣਾ ਚਾਹੁੰਦੇ ਸਨ। ਉਹ ਤਾਂ ਆਮ ਵਿੱਚ ਕਲਿਆਣਕਾਰੀ ਭਾਵਨਾਵਾਂ ਦਾ ਸੰਚਾਰ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਰਾਗਾਂ ਨੂੰ ਵਿਲਾਸੀ ਵਾਤਾਵਰਣ ਨਾਲੋਂ ਮੁਕਤ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਅਤੇ

ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਸਪਸ਼ਟ ਨਿਰਦੇਸ਼ ਵੀ ਦਿੱਤੇ। ਕੁਝ ਰਾਗਾਂ ਦਾ ਤੁਲਨਾਮਿਕ ਅਧਿਐਨ ਕਰਨਾ ਅਣਉਚਿਤ ਨਹੀਂ ਹੋਵੇਗਾ :-

**ਸਿਰੀ ਰਾਗ**

ਇਸ ਰਾਗ ਦਾ ਭਾਵ ਚਿਤਰ ਬਿਆਨ ਕਰਦਿਆਂ ਸੰਗੀਤ ਦਰਪਣ[21] ਵਿਚ ਦੱਸਿਆ ਗਿਆ ਹੈ, "ਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ। ਕਾਮਦੇਵ ਵਰਗੀ ਜਿਸਦੀ ਸੂਰਤ ਹੈ ਜੋ ਧੀਰ ਅਤੇ ਜਿਸਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ। ਪਰ ਗੁਰੂ ਕਾਵਿ ਵਿਚ ਇਸ ਰਾਗ ਬਾਰੇ ਆਦੇਸ਼ ਦਿੱਤਾ ਹੈ :

***ਰਾਗਾਂ ਵਿਚਿ ਸ੍ਰੀ ਰਾਗ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)*

**ਰਾਗ ਗਉੜੀ**

ਇਸ ਰਾਗ ਬਾਰੇ ਰਾਗ ਵਿਬੋਧ[22] ਵਿਚ ਦੱਸਿਆ ਹੈ ਕਿ ਇਹ ਗੋਰੇ ਰੰਗ ਵਾਲੀ ਅਤੇ ਕਮਲ ਵਰਗੀਆਂ ਅੱਖਾਂ ਵਾਲੀ ਹੈ। ਇਸ ਨੇ ਦੁੱਧ ਦੇ ਸਮੁੰਦਰ ਵਰਗੇ ਸਫੈਦ ਬਸਤਰ ਪਾਏ ਹੋਏ ਹਨ। ਇਸ ਦੀ ਸੁਭਾਵਕ ਸੁੰਦਰ ਹਾਸੀਹੈ ਅਤੇ ਲੰਮੀਆਂ ਲੰਮੀਆਂ ਬਾਹਵ੍ਹਾਂ। ਪਰ ਗੁਰੂ ਸਾਹਿਬ ਨੇ ਇਸ ਰਾਗ ਬਾਰੇ ਉਚਾਰਿਆ ਹੈ :

***ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)*

**ਰਾਗ ਗੂਜਰੀ**

ਇਸ ਰਾਗ ਨੂੰ ਨਾਇਕਾ ਦਸਦਿਆਂ ਕਿਹਾ ਹੈ ਕਿ ਇਸ ਨੇ ਬਾਰਾਂ ਰੰਗਾਂ ਦੇ ਬਸਤਰ ਧਾਰਨ ਕੀਤੇ ਹੋਏ ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਹੈ। ਸਜੇ ਹੋਏ ਪਲੰਘ ਤੇ ਇਕੱਲੀ ਬੈਠੀ ਬੇਹਾਲ ਵੀਣ੍ਹਾਵਾਦਨ ਕਰ ਰਹੀ ਹੈ। ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੌਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿਠ੍ਹਬੋਲੜੀ ਤਾਲ ਨਾਲ ਗਾਉਣ ਵਿਚ ਪ੍ਰਵੀਣ ਹੈ।[23] ਪਰ ਗੁਰੂ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

***ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)*

**ਸੋਰਠ ਰਾਗ**

ਇਸ ਨੂੰ ਰਾਗਣੀ ਦਸਦਿਆਂ ਸੰਗੀਤ ਦਰਪਣ[24] ਵਿਚ ਲਿਖਿਆ ਹੈ ਜਿਸ ਨੇ ਉਚੇ ਅਤੇ ਪੁਸ਼ਟ ਸਤਨਾ ਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸਦਾ ਚਿਤ, ਕੰਨ ਵਿਚ ਪਾਏ ਹੋਏ ਕੌਂਪਲ ਦੇ ਆਸ ਪਾਸ ਗੂੰਜਣ ਵਾਲੇ ਭਉਰੇ ਦੀ ਆਵਾਜ਼ ਤੋਂ ਉਚਾਟ ਹੋ ਰਿਹਾ ਹੈ। ਜਿਸਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ।

ਪਰ ਗੁਰੂ ਸਾਹਿਬਾਨ ਨੇ ਰਾਗ ਸੋਰਠ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ ਕੀਤੀ ਹੈ :

***ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥***
***ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)*

**ਰਾਗ ਧਨਾਸਰੀ**

ਰਾਗ ਵਿਬੋਧ[25] ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਬਿਆਨ ਕੀਤਾ ਗਿਆ ਹੈ ਉਹ ਇਤਨਾ ਸ਼ਿੰਗਾਰਕ ਹੈ ਕਿ ਕਈ ਥਾਵਾਂ ਤੇ ਉਹ ਅਸ਼ਲੀਲ ਵੀ ਹੋ ਜਾਂਦਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ ਸਤਿਗੁਰ ਕੀ ਕਾਰ ਨਾਲ ਸੰਬੰਧਤ ਕਰ ਦਿੱਤਾ ਹੈ:

***ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥***
***ਤਨ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥***

***(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)***

**ਰਾਗ ਬਿਲਾਵਲ**

ਸੰਗੀਤ ਦਰਪਣ[26] ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, "ਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਤ ਸਥਾਨ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ। ਜਿਸ ਨੇ ਆਪਣੇ ਸਰੀਰ ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਕਮਲ ਵਾਂਗੂ ਹੈ।"

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ :

*ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥*
*ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)*

**ਰਾਗ ਰਾਮਕਲੀ**

ਚਿਤਰਕਾਰਾਂ ਨੇ ਇਸ ਰਾਗਨੀ ਦਾ ਚਿਤਰ ਇਸ ਤਰ੍ਹਾਂ ਬਣਾਇਆ ਹੈ ਕੇਸਰੀ ਪੁਸ਼ਾਕ ਧਾਰਨ ਕਰਕੇ ਇਹ ਨਾਇਕਾ ਆਪਣੇ ਪ੍ਰੀਤਮ ਦੇ ਸਾਹਮਣੇ ਸੇਜ ਤੇ ਬੈਠੀ ਹੈ।[27]

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਬਾਰੇ ਉਚਾਰਿਆ ਹੈ:

*ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥*
*ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 150)*

ਇਸ ਤਰ੍ਹਾਂ ਕਈ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਕਵੀਆਂ ਨੇ ਰਾਗਾਂ ਦਾ ਪ੍ਰਯੋਗ ਆਪਣੇ ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ। ਉਹਨਾਂ ਸਭ ਰਾਗਾਂ ਬਾਰੇ ਦੱਸਿਆ ਹੈ:

*ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 423)*

ਉਹਨਾਂ ਨੇ ਉਹ ਰਾਗ ਧੰਨ ਕਹੇ ਹਨ ਜਿਹੜੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਨੂੰ ਸ਼ਾਂਤ ਕਰਨ ਵਿਚ ਸਹਾਇਕ ਹਨ।

*ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)*

ਜਿਵੇਂ ਕਿ ਅਸੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ ਮੰਤਵ ਆਮ ਸਰੋਤਿਆਂ ਤਕ ਆਪਣੇ ਵਿਚਾਰ ਪੁਹੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਸ਼ਾਹੀ ਮਹਿਫਲਾਂ ਦੇ ਸੰਗੀਤਕਾਰਾਂ ਵਾਂਗ ਚਮਤਕਾਰ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ। ਇਸ ਲਈ ਉਹਨਾਂ ਨੇ ਆਪਣੀ ਬਾਣੀ ਨੂੰ ਬਿਖੜੇ ਤਾਲਾਂ ਦੀ ਥਾਂ ਤੇ ਸਧਾਰਨ ਧੁਨਾਂ ਤੇ ਗਾਉਣ ਲਈ ਨੀਯਤ ਕੀਤਾ। ਉਸ ਵੇਲੇ ਦੇ ਬਾਕੀ ਭਗਤ ਕਵੀ ਵੀ ਇਸੇ ਪਧਤੀ ਅਨੁਸਾਰ ਕਾਵਿ ਰਚਨਾ ਕਰ ਅਤੇ ਸੁਣਾ ਰਹੇ ਸਨ। ਅਚਾਰਿਆ ਬ੍ਰਹਸਪਤੀ[28] ਨੇ ਠੀਕ ਹੀ ਲਿਖਿਆ ਹੈ, ਜਿਨ੍ਹਾਂ ਕਵੀਆਂ ਦਾ ਮੰਤਵ ਆਪਣੇ ਅਨੁਭਵ ਨੂੰ ਜਿਵੇਂ ਤਿਵੇਂ ਪ੍ਰਗਟ ਕਰਕੇ ਸੁਹਿਰਦਾਂ ਨੂੰ ਉਸਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਉਨ੍ਹਾਂ ਵਿਚ ਬਾਲਮੀਕ, ਕਾਲੀਦਾਸ, ਤੁਲਸੀ ਅਤੇ ਸੂਰ ਦਾਸ ਆਉਂਦੇ ਹਨ; ਗਾਇਕ ਦਾ ਪ੍ਰਯੋਜਨ ਵੀ ਠੀਕ ਇਹੋ ਹੋਣਾ ਚਾਹੀਦਾ ਹੈ।

ਜਿਹੜੇ ਕਵੀ ਭਾਵ ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾਰੂਪਕ ਨੂੰ ਹੀ ਆਪਣਾ ਲਕਸ਼ ਮੰਨ ਬਹਿੰਦੇ ਹਨ ਉਨ੍ਹਾਂ ਦੀ ਗਿਣਤੀ ਮਹਾਂ ਕਵੀਆਂ ਵਿਚ ਕਦੀ ਨਹੀਂ ਹੁੰਦੀ, ਉਹ ਲੋਕ ਹਿਰਦੇ ਦੇ ਪ੍ਰਤੀਨਿਧ ਕਦੀ ਨਹੀਂ ਹੁੰਦੇ। ਇਸੇ ਤਰ੍ਹਾਂ ਜਿਹੜੇ ਗਾਇਕ ਤਾਨਾਂ ਪਲਟਿਆਂ, ਅਲੰਕਾਰ ਜਾ ਲੈਅਕਾਰੀ ਦੇ ਚੱਕਰ ਵਿਚ ਪਏ ਰਹਿੰਦੇ ਹਨ ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਚੱਕਰ ਵਿਚ ਭਾਵੇਂ ਪਾ ਲੈਣ ਪਰ ਆਨੰਦਤ ਨਹੀਂ ਕਰ ਸਕਦੇ।

ਗੁਰੂ ਸਾਹਿਬ ਦਾ ਮੰਤਵ ਸਰੋਤਿਆਂ ਨੂੰ ਚੱਕਰ ਵਿਚ ਪਾਉਣਾ ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਸ ਲਈ ਪ੍ਰਯੋਗ ਕੀਤੇ ਜਾਣ ਦੇ ਹੱਕ ਵਿਚ ਸਨ। ਉਹ ਤਾਂ ਸਹਿਜ ਨਾਲ ਗੁਣ ਗਾਇਨ ਕਰਨ ਦੇ ਹਾਮੀ ਸਨ:

*ਜਿਉ ਭਾਵੈ ਤਿਉ ਰਾਖੁ ਰਜਾਇ ॥ ਨਾਨਕ ਸਹਜਿ ਭਾਇ ਗੁਣ ਗਾਇ ॥*

( *ਗੁਰੂ ਗ੍ਰੰਥ ਸਾਹਿਬ*, *ਪੰਨਾ 686*)

ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਹਿਜ ਨਾਲ ਗਾਇਨ ਕਰਨ ਵਾਲੀ ਭਾਵਨਾ ਨੂੰ ਆਪਣੀ ਬਾਣੀ ਇੰਜ ਵਿੱਚ ਪ੍ਰਗਟ ਕੀਤਾ ਹੈ:

*ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦੁ ॥*
*( ਗੁਰੂ ਗ੍ਰੰਥ ਸਾਹਿਬ, ਪੰਨਾ 68)*
*ਅੰਤਰੁ ਨਿਰਮਲੁ ਨਿਰਮਲੁ ਬਾਣੀ ਹਰਿ ਗੁਣ ਸਹਜੇ ਗਾਵਣਿਆ ॥*
*ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ ॥*

ਗੁਰੂ ਸਾਹਿਬ ਚਾਹੁੰਦੇ ਸਨ ਕਿ ਸ਼ਬਦ ਰਾਗ ਦੀ ਐਸੀ ਤਰ੍ਹ ਵਿਚ ਗਾਂਵਿਆ ਜਾਵੇ ਕਿ ਜਿਸ ਤਰ੍ਹ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਉਹ ਭਾਵ ਪੈਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਤਾਸੀਰ ਹੈ ਅਰਥਾਤ ਸ਼ਬਦਾਂ ਦਾ ਅਰਥ ਭਾਵ ਤੋਂ ਧਾਰਨਾਂ ਦਾ ਸੰਗੀਤਕ ਅਸਰ ਦਿਲ ਪਰ ਇਕੋ ਕਿਸਮ ਦਾ ਵਲਵਲਾ ਪੈਦਾ ਕਰਨ।"[29]

**ਕੀਰਤਨਕਾਰ:**

ਜਿੱਥੇ ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਦਰਸਾਈ ਹੈ ਉਥੇ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਬਿਆਨ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਪਰਮੇਸਰ ਦਾ ਢਾਡੀ ਅਰਥਾਤ ਕੀਰਤਨ ਕਰਨ ਵਾਲਾ ਆਖਦੇ ਹਨ:

***ਹਉ ਢਾਢੀ ਵੇਕਾਰੁ ਕਾਰੈ ਲਾਇਆ ॥***
***ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥***
***ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥***
***ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥***
***ਗੁਰਮਤਿ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥***
***ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥***

***(ਵਾਰ ਮਾਝ ਮਹਲਾ ੭, ਪੰਨਾ 150)***

ਗੁਰੂ ਨਾਨਕ ਦੇਵ ਜੀ ਢਾਡੀ ਦੀ ਹੋਰ ਵਿਸ਼ੇਸ਼ਤਾ ਨੂੰ ਦਰਸਾਉਂਦਿਆਂ ਬਿਆਨ ਕਰਦੇ ਹਨ:

***ਸਚਾ ਸਤਿਗੁਰੁ ਸੇਵਨਿ ਸਚਾ ਮਾਰਗ ਦਸਿਆ ॥ ਸਚਾ ਸਬਦੁ ਬੀਚਾਰਿ ਕਾਲ ਵਿਧਉਸਿਆ ॥***
***ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥***
*(ਵਾਰ ਮਾਝ ਮਹਲਾ ੭, ਪੰਨਾ 148)*
***ਖਾਲਕ ਕਉ ਆਦੇਸੁ ਢਾਢੀ ਗਾਵਣਾ ॥ ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ ॥***

*(ਵਾਰ ਮਾਝ ਮਹਲਾ ੭, ਪੰਨਾ 148)*

***ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ ਖਾਲਕ ਕਉ ਆਦੇਸੁ ਢਾਢੀ ਗਾਵਣਾ ॥***
***ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ ॥***

***(ਗੁਰੂ ਗ੍ਰੰਥ ਸਾਹਿਬ ਪੰਨਾ 148)***

***ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ ॥***
***ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ।***

***(ਗੁਰੂ ਗ੍ਰੰਥ ਸਾਹਿਬ ਪੰਨਾ 650)***

ਕੀਰਤਨ ਕਾਰ ਦੀ ਮਹਿਮਾ ਦਾ ਗਾਇਨ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਥਾਵਾਂ ਤੇ ਹੋਇਆ ਹੈ

***ਜੋ ਜਨੁ ਕੀਰਤਨੁ ਕਰੈ ਗੋਪਾਲ ॥***
***ਤਿਸ ਕਉ ਪੋਹਿ ਨ ਸਕੈ ਜਮ ਕਾਲੁ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 867)*

***ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾਕੀ ਦੁਰਮਤਿ ਨਾਸ ॥***
***ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1300)*

***ਮਾਈ ਜੋ ਪ੍ਰਭ ਕੇ ਗੁਨ ਗਾਵੈ ॥ ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)*

***ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)*

***ਜੋ ਤੁਮਰਾ ਜਸੁ ਗਾਵਿਹ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 716)*

***ਕਹੁ ਨਾਨਕ ਸੋਈ ਨਰ ਸੁਖੀਆ ਰਾਮ ਨਾਮ ਗੁਨ ਗਾਵੈ ॥***
***(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831)***
***ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ***
***ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥***
***(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)***
***ਹਰਿ ਜਨ ਰਾਮ ਨਾਮ ਗੁਨ ਗਾਵੈ ॥***
***ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥***
***(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719-720)***

ਪਰ ਕੀਰਤਨ ਕਰਨ ਲਈ ਕੁਝ ਮਾਪਦੰਡ ਵੀ ਨਿਸਚਿਤ ਕੀਤੇ ਗਏ ਹਨ

***ਜਿਸ ਨੋ ਪਰਤੀਤਿ ਹੋਵੈ, ਤਿਸ ਕਾ ਗਾਵਿਆ ਥਾਇ ਪਵੈ,***

*ਸੋ ਪਾਵੈ ਦਰਗਹ ਮਾਨੁ ॥ (ਬਿਲਾਵਲ ਮਹਲਾ 4)*

ਜਿਹੜੇ ਕੇਵਲ ਵਿਖਾਵੇ ਲਈ ਗਾਇਨ ਕਰਦੇ ਹਨ ਉਹ ਬਿਨਾਂ ਨਾਮ ਤੋਂ ਝੂਠੇ ਹਨ। ਅਸਲ ਵਿਚ ਤਾਂ ਗੁਰੂ ਦੀ ਕਿਰਪਾ ਦੁਆਰਾ ਨਾਮ ਨਾਲ ਜੁੜ ਕੇ ਹੀ ਹਰੀ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ:

*ਗਾਵਹਿ ਗੀਤੇ ਚੀਤਿ ਅਨੀਤੇ ॥*
*ਰਾਗ ਸੁਣਾਇ ਕਹਾਵਹਿ ਬੀਤੇ ॥*
*ਬਿਨ ਨਾਵੈ ਮਨਿ ਝੂਠੁ ਅਨੀਤੇ ॥*
*ਕਹਾ ਚਲਹੁ ਮਨ ਰਹਹੁ ਘਰੇ ॥*
*ਗੁਰਮੁਖ ਰਾਮ ਨਾਮਿ ਤ੍ਰਿਪਤਾਸੇ*
*ਖੋਜਤ ਪਾਵਹੁ ਸਹਜਿ ਹਰੇ ॥*

*ਗੁਰ ਪਰਸਾਦੀ ਕਰਮ ਕਮਾਉ ॥*
*ਨਾਮੇ ਰਾਤਾ ਹਰਿ ਗੁਣ ਗਾਉ ॥*

*(ਆਸਾ ਮਹਲਾ ੭, ਪੰਨਾ 414-415)*

ਗੁਰੂ ਰਾਮ ਦਾਸ ਜੀ ਵੀ ਫੁਰਮਾਉਂਦੇ ਹਨ

*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤ ਕਰਿ*
*ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 450)*

ਕੀਰਤਨ ਕਰਨ ਕੀਰਤਨ ਕਾਰ ਨੇ ਆਪਣੀ ਕਲਾ ਜਾਂ ਵਿਦਵਤਾ ਵਿਖਾਵਾ ਨਹੀਂ ਕਰਨਾ ਸਗੋਂ ਸਹਿਜ ਵਿਚ ਅਤੇ ਨਿਮਰਤਾ ਨਾਲ ਕੀਰਤਨ ਕਰਨਾ ਹੈ

*ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)*

*ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)*

ਉਹ ਕੀਰਤਨੀਆ ਭਲਾ ਹੈ ਜਿਹੜਾ ਲਾਲਚ ਛੱਡ ਕੇ ਗੁਰਬਾਣੀ ਦਾ ਗਾਇਨ ਕਰਦਾ ਹੈ

*ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ ॥*
*ਛੋਡਿ ਮਾਇਆ ਕੇ ਧੰਧ ਸੁਆਉ ॥*

*(ਗੁਰੂ ਗ੍ਰੰਥ ਸਾਹਿਬ, ਪੰਨਾ 885)*

*ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)*

ਗੁਰੂ ਗ੍ਰੰਥ ਸਾਹਿਬ ਵਿਚ ਜਿਤਨੇ ਰਾਗਾਂ ਦਾ ਪ੍ਰਯੋਗ ਹੋਇਆ ਹੈ ਉਹਨਾਂ ਦੀ ਜਾਣਕਾਰੀ ਕੀਰਤਨੀਏ ਨੂੰ ਹੋਣੀ ਚਾਹਿਦੀ ਹੈ। ਜਿਹੜੀਆਂ ਗਾਇਨ ਸ਼ੈਲੀਆਂ ਕੀਰਤਨ ਕਰਨ ਲਈ ਨਿਸਚਿਤ ਕੀਤੀਆਂ ਗਈਆਂ ਹਨ ਉਹਨਾਂ ਦਾ ਗਿਆਨ ਹੋਣਾ ਵੀ ਲਾਜਮੀ ਹੈ।

ਇਸ ਤਰ੍ਹਾਂ ਗੁਰਬਾਣੀ ਵਿਚ ਕੀਰਤਨ ਅਤੇ ਕੀਰਤਨੀਏ ਬਾਰੇ ਇਕ ਵਿਸ਼ੇਸ਼ ਪ੍ਰਕਾਰ ਦਾ ਸੰਕਲਪ ਬਿਆਨ ਕੀਤਾ ਗਿਆ ਹੈ। ਲੋੜ ਹੈ ਇਸ ਸੰਕਲਪ ਦੀ ਲੋਅ ਵਿਚ ਕੀਰਤਨ ਅਤੇ ਕੀਰਤਨੀਏ ਦੀ ਸੰਭਾਲ ਕੀਤੀ ਜਾਵੇ।

1. ਸਾਰੰਗ ਦੇਵ, *ਸੰਗੀਤ ਰਤਨਾਕਰ* (ਭਾਗ 1) ਪੰਨਾ 7
2. Music is everywhere. No one can do without it. Ancient religious believes maintained that music was not only a pleasure but a cause of many events. It could bring down droughts to harm the crops and rains to give them life. Music comes from the gods, they said. Gleb Anfilov, *Physics and Music*, Page 89
3. Humayun Kabir, *The Indian Heritage,* Page 126
4. ਹਰਦੁਆਰੀ ਲਾਲ ਸ਼ਰਮਾ, *ਸੌਂਦਰਯ ਸ਼ਾਸਤਰ,* ਪੰਨਾ 183
5. ਉਮਾ ਮਿਸ਼ਰ, *ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ,* ਪੰਨਾ 31

6. The Man that hath no music in himself, Nor is not moved with concord of Sweet sounds, Is Fit for treasons, strantagems, and spoils; The Motions of his spirit are dull as night; And his effections dark as Erebus. Let no such man be trusted, Mark the Music-Shakespeare, *The Merchant of Venice,* Page 79-80
7. ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, *ਪ੍ਰਣਵ ਭਾਰਤੀ,* ਪੰਨਾ 14
8. ਪੰਡਤ ਓਅੰਕਾਰ ਨਾਥ ਠਾਕੁਰ, *ਪ੍ਰਣਵ ਭਾਰਤੀ* (ਪ੍ਰਥਮ ਵੀਣਾ), ਪੰਨਾ 6
9. In any out-of the way place man has always sung, played or made thing that whistle, hum or rattle. This has always been vital to him as air; music helped him to work, has added to his joy, and taken the edge off his sorrow, Music has drawn people together, and made them feel and act as one. Gleb Anfilov, *Physics and Music,* Page 7
10. *ਪ੍ਰਣਵ ਭਾਰਤੀ,* ਪੰਨਾ 19
11. *ਸਾਹਿਤ ਤੇ ਸਿਧਾਂਤ,* ਪੰਨਾ 56
12. ਮਨਮੋਹਨ ਸਹਗਲ, *ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ,* ਪੰਨਾ 220
13. *ਧਵਨਿ ਔਰ ਸੰਗੀਤ,* ਪੰਨਾ 143
14. *ਭਾਰਤੀਯ ਕਲਾ ਔਰ ਸੰਸਕ੍ਰਿਤੀ,* ਪੰਨਾ 152
15. *ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ,* ਪੰਨਾ 40
16. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, ਭਾਗ 1, (ਪੰਨਾ ਅ, ੲ,) ਸ਼। 15
17. O.C. Gangoli, *Ragas and Raginis,* Page I, Indtroduction
18. ਉਸ਼ਾ ਗੁਪਤ, *ਹਿੰਦੀ ਕੇ ਕ੍ਰਿਸ਼ਨ ਕਾਲੀਨ ਭਗਤੀ ਕਾਵਿਯ ਮੇਂ ਸੰਗੀਤ ਤਤਵ,* ਪੰਨਾ 217
19. ਮਹੇਸ਼ ਨਰਾਇਣ ਸਕਸੈਨਾ, *ਸੰਗੀਤ ਸ਼ਾਸਤਰ,* (ਭਾਗ ਪਹਿਲਾ) ਪੰਨਾ 20
20. ਬ੍ਰਹਿਸਪਤੀ, *ਸੰਗੀਤ ਚਿੰਤਾਮਣੀ,* ਪੰਨਾ 400
21. ਦਮੋਦਰ ਪੰਡਿਤ, *ਸੰਗੀਤ ਦਰਪਣ,* ਪੰਨਾ 104
22. ਹਵਾਲਾ, *ਸੰਗੀਤ ਪਾਰਿਜਾਤਿ,* ਪੰਨਾ 118
23. ਸਗਤ ਸਿੰਘ, ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ *ਨਿਬੰਧ ਸੰਗੀਤ,* ਪੰਨਾ 446
24. ਦਮੋਦਰ ਪੰਡਿਤ, *ਸੰਗੀਤ ਦਰਪਣ,* ਪੰਨਾ 117
25. ਹਵਾਲਾ, *ਸੰਗੀਤ ਪਾਰਿਜਾਤ,* ਪੰਨਾ 101
26. ਦਮੋਦਰ ਪੰਡਤ, *ਸੰਗੀਤ ਦਰਪਣ,* ਪੰਨਾ 95
27. ਸੰਗਤ ਸਿੰਘ, ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ *ਨਿਬੰਧ ਸੰਗੀਤ,* ਪੰਨਾ 437
28. *ਸੰਗੀਤ ਚਿੰਤਾਮਣੀ,* ਪੰਨਾ 399
29. ਭਾਈ ਵੀਰ ਸਿੰਘ, "ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ", *ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ,* (ਭਾਗ ਪਹਿਲਾ) ਪੰਨਾ 1

---

# Sadh Sangat and Kirtan*

**S. Makhan Singh**

Kirtan is one of the most revered tradtions of Sikhism. The shabad of the Guru is the manifestation of the Guru's spirit, and to sing it in the prescribed raga is like conversing with him. Kirtan is capable of making you become one with the Guru.

The tradition of kirtan has been kept up not only in the gurudwaras but also at Sikhs' homes. Guru Arjan Dev is said to have blessed the Sikhs with this talent when he declared that every Sikh will be able to do kirtan. No wonder, kirtan forms an essential part of any ceremony in Sikh homes. With the advanced technologies listening to kirtan from far-off places has become possible. The twenty-first century may revel in the shabad of Guru Granth Sahib. It is difficult to remain untouched by the verses of Guru Granth Sahib sung in classical ragas.

According to Dr Gurnam Singh, 'The beginning of the combination of sangat and sangeet (music) was made in the time of Guru Nanak Dev ji himself when he sang the celestial song to the accompaniment of the mellifluous tunes on the rabaab played by Bhai Mardana. The

foundation of Guru Nanak Dev ji's poetic compositions was laid on sangat and sangeet. When he felt the urge to create bani he would ask Mardana to play on rabaab. The magic of kirtan was such that people would come from far and near and sit together to listen to him. Thus, sangat, sangeet and shabad would blend together to shower bliss on one and all."

The divine song of Guru Nanak Dev ji was always sung in accompaniment with Mardana's music. Wherever they went kirtan showered like rain and wherever they went people flocked to them. Each place became a dharamshala where sangat got together and the institutions of langar and service came into existence. Thus, all the traditions of Sikhism evolved around Guru Nanak Dev ji. And even when Guru Nanak Dev ji moved on to another place, the dharamshala kept the tradition of kirtan alive, which in turn promoted the tradition of sangat, langar and service.

**Jithey Baba paer dharey puja aasan thapan soaa.**
**Sidh aasan sab jagat de Nanak aad matey je koaa.**
**Ghar ghar andar dharamsaal hovey kirtan sada vasoaa.**

*(Bhai Gurdas)*

**Ghar ghar Baba gaveeye vajan taal mridang rabaaba.**

*(Bhai Gurdas)*

**Phir Baba gaya Baghdad no bahar jaye kiya asthana.**
**Ik Baba akal rup duja rabaabi Mardana.**

*(Bhai Gurdas)*

Bhai Gurdas ji has in his Vars praised the Sikhs who come into sadh sangat every day. It is because of them that the uninterrupted flow of kirtan goes on. One of Guru Nanak Dev ji's Janam Sakhis mentions that when sangat would come after the day's toil and labor in the presence of Guru Nanak Dev ji every evening, Guru ji would sit in their midst and that is when the divine message would descend on him and he would ask Mardana to play on the rabaab. The outcome was the divine bani, our richest treasure.

According to Dr Jagir Singh, the well-known musician and research scholar of Gurbani, the Sikh Gurus have not only promoted sangat and sangeet but have even taken appropriate steps to institutionalize them. Guru Nanak Dev ji instructed his people to establish dharamsaals and make arrangements for kirtan. He directed them towards nitnem or daily prayers.

**Sodar aarti gaveeye amrit veley jap uchara.**

"In Kartarpur kirtan started in the early hours of Amrit Vela. Japuji and Asa-di-Var were sung in the morning. In the evening there was kirtan again and then Rehras at dusk followed by kirtan again. At night Sohilla was read."

Guru ji prescribed the ragas for each shabad but always kept music subordinate to shabad so that it does not become too heavy on the shabad. However, sangat must have knowledge of sangeet to be able to enjoy the kirtan and go deep into the shabad.

Kirtan is closely related with sangat. Guru Amardas ji ordained his followers to only chant the holy hymns after his demise and not to indulge in other rituals.

**Antey satgur bolya main pichhey kirtan kareeho nirban jio.**

*(SGGS page 923)*

Guru Nanak Dev ji told Guru Angad to keep the tradition of kirtan alive. He handed over all the books that contained the shabads to him at the time of bestowing upon him the guru-gaddi. In addition, he sent Balwand rabaabi to Guru Angad Dev ji to play on the instrument when Guru ji would sing.

**Balwand Raagi tum sang javey.**
**Samay samay Har kirtan gavey.**

When Guru Angad Dev ji shifted from Kartarpur to Khadur Sahib, Satta and Balwand who accompanied him used to hold kirtan darbar every evening. Bhai Sahib Bhai Vir Singh ji has written in Asht Guru Chamatkar that this is how Satte Balwand began to be known as Chouki Khadur in the presence of Guru ji. Their descendants are till date called Khaduriye Rabaabi.

Guru Arjan Dev ji gave a significant boost to the tradition of kirtan when he told his Sikhs to sing Gurbani themselves. He said let my tongue sing only the praises of the lord. Let my head salute the saints and through sadh sangat may I become one with the divine.

In Twareekh Guru Khalsa Giani Gian Singh writes that Guru Amardas ji would wake up in the early hours of dawn. He asked the sadh sangat to wake up at the same time. Much before dawn he would take his seat and listen to the kirtan of Bhais Sadu and Badu. Guru ji would sing along with the ragis.

**Aavoh sikh satgur ke pyario gavoh sachi bani.**
**Bani ta gavoh guru keri baniya sit bani.**

*(Ramkali Mahalla 3, page 920)*

Even when Guru ji started living at Amritsar the same routine was followed. Asa-di-Var was sung by Satta and Balwand in the early hours of dawn.

Gurbani is full of shabads emphasizing the importance of kirtan. Indeed, there is sadh sangat only where the shabad of the Guru is sung in his presence. Being in sangat and listening to kirtan fills you with bliss.

**Sant rahat sunoh mere bhai.**
**Uaa ki mahima kathan na jayee.**
**Vartan ja ke kewal naam.**
**Anand rup kirtan bisram.**

*(Asa Mahalla 1, page 392)*

*Listen to the conduct of the saints*
*There is no way to describe their glory.*
*Their only transaction is of naam.*
*They are blissfully peaceful in kirtan*
**Gurdwarey Har kirtan suneeye.**
**Satgur bhet Har jas mukh bhaneeye.**

(Maru Mahalla 5, page 1075)

*Go to the gurdwara and listen to kirtan.*
*In the presence of the satguru sing His song.*

Prof Tara Singh has opined in his book Vaadan Kala, that the impact of kirtan is great. Even a maestro like Tansen was not left unaffected by it. Kirtan was given the greatest importance by all our Gurus. During the time of Guru Hargobind ji, Bhai Babak was the ragi who also excelled in martial arts. It is said that he used to carry his rabaab to the battlefield and would sing whenever he found time even while he fought fierce battles in the field.

During the time of Guru Arjan Dev ji, the tradition of kirtan reached its peak. In 1604, when Guru Granth sahib was installed in Harmandir Sahib, sangat started coming there in droves. Kirtan and sangat became synonymous when Guru Arjan Dev ji asked the sangat to sing. Now the sangat did not have to depend on trained ragis to sing the shabad of the Guru. Sikhs could sing themselves. This was a significant step that changed the course of history. Kirtan was no more a monopoly of the ragis. It was handed over to the sangat at large.

Guru Hargobind and Guru Har Rai ji took the system even further. It continued to be a part and parcel of the Sikh way of worship. Guru Tegh Bahadar ji patronized the ragis and often encouraged them with awards. Guru Gobind Singh ji has laid down the following daily routine for the Khalsa:

**Gur sikh rahat sunoh hai meeta parbhatey uth kar hit cheet.**
**Waheguru guru mantra su jaap.**
**Kar isnaan parho jap jaap.**
**Sandhya samay suney rehras.**
**Kirtan suney rah yas.**

(Courtesy: Gurmat Sudhakar, Bhai Kahan Singh Nabha)

Dr Jagir Singh, the editor of Amrit Kirtan opines in his essay '*Sangat and Kirtan in Sikhism*' that the Sikh Gurus
made it clear that sangat alone was not sufficient unless it was accompanied by kirtan. Those who go in sangat and then waste their time talking to each other are regarded as defaulters.

**Satsang jaye kar chit dulavey.**
**Har yas suntey baat chalavey……**
**So tankhahi mool kahavey.**

In short, sangat and kirtan together enjoy a very high status in Sikhism. These are inseparable and complementary to each other.

***(from the book THE CONCEPT OF SADH SANGAT IN SIKHISM BY S. MAKHAN SINGH)***

## ਹਿਰਦੇ ਦੀ ਤਹਿ ਤੋਂ ਰਿਣੀ

ਅਸੀਂ ਇਸ ਸਬੰਧੀ ਖਿਮਾਂ ਦੇ ਜਾਚਕ ਹਾਂ ਉਨ੍ਹਾਂ ਸੁਹਿਰਦ ਪਾਠਕਾਂ ਦੇ ਜਿਨ੍ਹਾਂ ਨੇ ਤਕਰੀਬਨ ਪਿਛਲੇ ਛੇ ਮਹੀਨਿਆਂ ਦੇ ਅਰਸੇ ਤੋਂ ਅੰਮ੍ਰਿਤ ਕੀਰਤਨ ਮੈਗਜ਼ੀਨ ਦੀ ਛਪੀ ਹੋਈ ਕਾਪੀ ਲਈ ਇੰਤਜ਼ਾਰ ਕੀਤੀ। ਅਤੇ ਇਸਦੇ ਨਾਲ ਹੀ ਅਸੀਂ ਹਿਰਦੇ ਦੀ ਤਹਿ ਤੋਂ ਰਿਣੀ ਹਾਂ ਉਨ੍ਹਾਂ ਸੈਂਕੜੇ ਸਨੇਹੀਆਂ, ਪਾਠਕਾਂ ਅਤੇ ਮਿੱਤਰਾਂ ਦੇ ਜਿਨ੍ਹਾਂ ਨੇ ਸਾਨੂੰ ਪ੍ਰੇਰਿਆ ਕਿ ਅਸੀਂ ਅੰਮ੍ਰਿਤ ਕੀਰਤਨ ਮੈਗਜ਼ੀਨ ਦੀ ਛਪਾਈ ਦੀ ਪ੍ਰਕ੍ਰਿਆ ਨੂੰ ਮੁੜ ਤੋਂ ਸੁਰਜੀਤ ਕਰੀਏ। ਉਨ੍ਹਾਂ ਨੇ ਸਾਨੂੰ ਇਹ ਵੀ ਭਰੋਸਾ ਦਿੱਤਾ ਕਿ ਉਹ ਹਰ ਕਦਮ ਤੇ ਇਸ ਉਪਰਾਲੇ ਦੀ ਸਫ਼ਲਤਾ ਲਈ ਸਾਡਾ ਸਾਥ ਦੇਣਗੇ। ਸੋ ਮਿੱਤਰ ਪਿਆਰਿਓ ਅਸੀਂ ਉਨ੍ਹਾਂ ਦੀ ਇਸ ਪੁਰਜ਼ੋਰ ਅਪੀਲ ਤੋਂ ਕਾਇਲ ਹੋ ਕੇ ਅੰਮ੍ਰਿਤ ਕੀਰਤਨ ਮੈਗਜ਼ੀਨ ਦੀਆਂ ਛਪੀਆਂ ਪ੍ਰਤੀਆਂ ਆਪ ਜੀ ਦੇ ਹੱਥਾਂ ਤੀਕ ਪਹੁੰਚਾ ਕੇ ਬੜਾ ਸਕੂਨ ਅਤੇ ਖੁਸ਼ੀ ਦੇ ਨਾਲ-ਨਾਲ ਮਾਣ ਵੀ ਮਹਿਸੂਸ ਕਰ ਰਹੇ ਹਾਂ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240 ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order.

## **ਰਾਗ ਬਸੰਤ** - ਗੁਰਬਖ਼ਸ਼ ਸਿੰਘ ਰਚਿਤ ਪੁਸਤਕ "ਰਾਗਾਂਜਲੀ" ਵਿਚੋਂ

Website:http://www.gurbaniraags.com

ਰਾਤ ਦੇ ਅਖੀਰਲੇ ਪਹਿਰ ਜਾਂ ਰੁੱਤ ਬਾਹਾਰ ਵਿੱਚ ਕਿਸੇ ਵੀ ਵੇਲੇ ਗਾਏ ਜਾਣ ਵਾਲੇ ਪੂਰਵੀ ਠਾਠ ਦੇ ਉੱਤਰਆਂਗ ਪ੍ਰਧਾਨ ਰਾਗ ਵਿੱਚ ਤਾਰ ਖਰਜ ਵਾਦੀ ਅਤੇ ਪੰਚਮ ਸੰਵਾਦੀ ਹੈ। ਇਸ ਸੰਪੂਰਨ ਰਾਗ ਦੇ ਆਰੋਹ ਵਿੱਚ ਆਮ ਤੌਰ ਤੇ ਪੰਚਮ ਵਰਜਿਆ ਜਾਂਦਾ ਹੈ। ਇਸ ਦੇ ਤਿਆਗਣ ਨਾਲ ਬਸੰਤ ਦਾ ਰੂਪ ਨਿਵੇਕਲਾ ਬਣਦਾ ਹੈ ਅਤੇ ਪਰਜ ਦਾ ਭੁਲੇਖਾ ਨਹੀਂ ਪੈਂਦਾ। ਬਸੰਤ ਅਤੇ ਪਰਜ ਇੱਕ ਦੂਸਰੇ ਦੇ ਬਹੁਤ ਨਜ਼ਦੀਕ ਹਨ। ਪੂਰਵੀ ਠਾਠ ਦੀਆਂ ਸੁਰਾਂ ਦੇ ਨਾਲ ਰਾਗ ਬਸੰਤ ਵਿੱਚ ਸ਼ੁੱਧ ਮੱਧਯਮ ਦਾ ਪ੍ਰਯੋਗ ਇੱਕ ਖਾਸ ਢੰਗ ਨਾਲ ਹੁੰਦਾ ਹੈ, ਇਸ ਦਾ ਲਗਾਵ ਜ਼ਰੂਰੀ ਨਹੀਂ ਪਰ ਇਸ ਦਾ ਇੱਕ ਖਾਸ ਰਸ ਹੈ ਅਤੇ ਕਈ ਵਾਰੀਂ ਪਰ ਬਹੁਤ ਨਹੀਂ - ਦੋਵੇਂ ਮੱਯਮ ਇੱਕ ਦੂਸਰੇ ਦੇ ਨਾਲ ਜਦੋਂ ਲੱਗਦੇ ਹਨ ਤੇ ਰਾਗ ਲਲਿਤ ਦਾ ਰਸ ਵੀ ਮਾਣਿਆ ਜਾਂਦਾ ਹੈ।

ਰਾਗ ਬਸੰਤ ਦੇ ਕੁਝ ਖਾਸ ਸੁਰ ਸਮੂਹ ਹਨ ਜਿਨ੍ਹਾਂ ਨਾਲ ਰਾਗ ਦੀ ਪਹਿਚਾਨ ਤੁਰੰਤ ਹੋ ਜਾਂਦੀ ਹੈ ਜਿਵੇਂ : ਪ - ਮ॑ ਗ ਮ॑ - ਗ, ਰੰ - ਨ ਧੁ ਨ ਧੁ ਪ, ਨ ਧੁ ਨ ਧੁ ਆਦਿ।

**ਚਾਲ :** ਸੰ - ਨ ਧੁ - ਪ - ਮ॑ ਗ - ਮ॑ - - - ਗ - ਮ॑ ਗ ਰੁ ਸ, ਨ਼ ਸ ਗ - ਮ॑ ਗ - ਮ॑ ਧੁ - ਪ - ਧੁ ਗ ਮ॑ ਗ ਰੁ ਸ, (ਸ)ਨ਼ - ਰੁ ਗ - (ਧੁ)ਮ॑ ਧੁ ਸੰ - ਸੰ ਨ ਧੁ - ਪ - ਮ॑ ਗ - ਮ॑ - ਗ - ਰੁ ਸ, ਨ਼ ਸ ਗ ਮ॑ ਗ ਰੁ ਸ, ਗ ਮ॑ ਧੁ ਪ, ਮ॑ ਗ ਮ॑ ਧੁ ਰੁੰ - ਸੰ, ਰੁੰ ਨ ਧੁ ਨ ਧੁ ਪ - ਮ॑ ਧੁ ਨ ਧੁ ਪ, ਨ ਧੁ ਮ॑ ਗ ਮ॑ ਗ ਰੁ ਸ, ਨ਼ ਸ ਗ ਮ॑ ਨ ਧੁ ਰੁੰ ਸੰ, ਰੁੰ ਨ ਧੁ ਪ - ਮ॑ ਗ ਰੁ ਸ ਸ ਮ - ਮ॑ ਮ ਗ, ਮ॑ ਗ ਰੁ ਸ। ਸ - ਪ - ਮ॑ ਧੁ ਪ - ਮ॑ ਧੁ ਨ ਧੁ ਪ, ਗ ਮ॑ ਧੁ ਨ ਰੁੰ ਨ ਧੁ ਪ, ਮੰ॑ ਗੰ ਰੁੰ ਸੰ, ਗ ਮ॑ ਧੁ ਨ ਰੁੰ ਨ ਧੁ ਮ॑ ਗ ਰੁ ਸ।

### ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਪ | ਮ॑ | ਗ | ਮ॑ | ਧੁ |
| | | | | | | | | | | | ਬ | ਨ | ਸ | ਪ | ਤ |
| ਸੰ | ਸੰ | ਸੰ | – | ਨ | ਧੁ | ਰੁੰ | ਨ | ਧੁ | – | ਪ | ਪ | ਮ॑ | ਗ | – | ਮ॑ |
| ਮ | ਉ | ਲੀ | ਽ | ਚ | ੜਿ | ਆ | ਬ | ਸੰ | ਽ | ਤ | ਇ | ਹ | ਮ | ਽ | ਨ |
| ਗ | ਰੁ | ਸ | ਸ | ਸ | ਸ | (ਸ)ਮ | ਮ | ਮੁਮ॑ | (ਮ)ਗ | ਗ, | ਧੁ | ਮ॑ | ਗ | ਮ॑ | ਧੁ |
| ਮ | ਉ | ਲਿ | ਆ | ਸ | ਤ | ਗੁ | ਰ | ਸੰ਽ | ਽ | ਗ, | ਬ | ਨ | ਸ | ਪ | ਤ |
| x | | | | 2 | | | | 0 | | | | 3 | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | ਪ | ਪ | ਮ॑ | ਗ | ਮ॑ | ਧੁ |
| | | | | | | | | | | ਤੁ | ਮ | ਸਾ | ਽ | ਚ | ਧਿ |
| ਸੰ | – | ਸੰ | ਸੰ | ਗੰ | ਗੰ | ਮੰ॑ | ਗੰ | ਰੁੰ | – | ਸੰ | ਸੰ | ਨ | ਧੁ | – | ਪ |
| ਆ | ਽ | ਵ | ਹੁ | ਮ | ਗ | ਧ | ਮ | ਨਾ | ਽ | ਽ | ਤਾ | ਽ | ਸੁ | ਽ | ਖ |
| ਮ॑ | ਧੁ | ਮ॑ | ਗ | ਗ | ਰੁ | ਮ॑ | ਗ | ਗ | ਰੁ | ਸ | ਸ | ਸ | (ਸ)ਮ | – | ਮ |
| ਪਾ | ਽ | ਵਹੁ | ਽ | ਮੇ | ਽ | ਰੇ | ਮ | ਨਾ | ਽ | ਽ | ਇ | ਹ | ਮ | ਽ | ਨ |
| ਮੁਮ॑ | (ਗ)ਮ | ਗ | ਗ | ਮ॑ | ਧੁ | ਸੰ | ਨ | ਧੁ | – | ਪ, | ਪ | ਮ॑ | ਗ | ਮ॑ | ਧੁ |
| ਮਉ | ਽ | ਲਿ | ਅ | ਸ | ਤ | ਗੁ | ਰ | ਸੰ | ਽ | ਗ, | ਬ | ਨ | ਸ | ਪ | ਤ |
| x | | | | 2 | | | | 0 | | | | 3 | | | |

**ਬਸੰਤੁ ਮਹਲਾ ੩ ॥ Basanth Mehalaa 3 || Basant, Third Mehl:**

ਬਨਸਪਤਿ ਮਉਲੀ ਚੜਿਆ ਬਸੰਤੁ ॥
Banasapath Moulee Charriaa Basanth ||
The season of spring has come, and all the plants have blossomed forth.
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥
Eihu Man Mouliaa Sathiguroo Sang ||1||
This mind blossoms forth, in association with the True Guru. ||1||

ਤੁਮ੍ਹ ਸਾਚੁ ਧਿਆਵਹੁ ਮੁਗਧ ਮਨਾ ॥
Thumh Saach Dhhiaavahu Mugadhh Manaa ||
So meditate on the True Lord, O my foolish mind.

ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥
Thaan Sukh Paavahu Maerae Manaa ||1|| Rehaao ||
Only then shall you find peace, O my mind. ||1||Pause||

ਇਤੁ ਮਨਿ ਮਉਲਿਐ ਭਇਆ ਅਨੰਦੁ ॥
Eith Man Mouliai Bhaeiaa Anandh ||
This mind blossoms forth, and I am in ecstasy.

ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥
Anmrith Fal Paaeiaa Naam Gobindh ||2||
I am blessed with the Ambrosial Fruit of the Naam, the Name of the Lord of the Universe. ||2||
ਏਕੋ ਏਕੁ ਸਭੁ ਆਖਿ ਵਖਾਣੈ ॥
Eaeko Eaek Sabh Aakh Vakhaanai ||
Everyone speaks and says that the Lord is the One and Only.
ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
Hukam Boojhai Thaan Eaeko Jaanai ||3||
By understanding the Hukam of His Command, we come to know the One Lord. ||3||

ਕਹਤ ਨਾਨਕੁ ਹਉਮੈ ਕਹੈ ਨ ਕੋਇ ॥
Kehath Naanak Houmai Kehai N Koe ||
Says Nanak, no one can describe the Lord by speaking through ego.

ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥
Aakhan Vaekhan Sabh Saahib Thae Hoe ||4||2||14||
All speech and insight comes from our Lord and Master. ||4||2||14||

Postal Regd. No. CH/0045/2015-2017 RNI Regd.No. 46788/89 ISSN 0972-2335

